**Indian Journal of Modern Research and Reviews**

**This Journal is a member of the *'Committee on Publication Ethics'***

**Online ISSN:**2584-184X

***Research Article***

# ਸੁੰਦਰਤਾ ਮਿੱਥ ਦੀ ਪ੍ਰਵਚਨਕਾਰੀ

**ਡਾ. ਹਰਵਿੰਦਰ ਕੌਰ**

ਸਹਾਇਕ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ, ਪੰਜਾਬ, ਭਾਰਤ

**Corresponding Author:** *ਡਾ. ਹਰਵਿੰਦਰ ਕੌਰ

**DOI:** https://doi.org/10.5281/zenodo.21806661

**ਸਾਰ**

ਸਰੰਚਨਾਵਾਦੀ ਆਲੋਚਨਾ ਪ੍ਰਣਾਲੀ ਨੇ ਯਥਾਰਥ ਬੋਧ ਬਾਰੇ ਸਦੀਆਂ ਦੀਆਂ ਧਾਰਨਾਵਾਂ ਨੂੰ ਨਕਾਰ ਦਿੱਤਾ ਹੈ। ਸਮਾਜ ਵਿਚ ਵਿਚਰਦੇ ਹੋਏ ਮਨੁੱਖ ਸਮਾਜ ਦੀਆਂ ਪੱਕੀਆਂ ਧਾਰਨਾਵਾਂ ਜੋ ਸਹਿਜ ਹੋ ਗਈਆਂ ਹਨ, ਉਹਨਾਂ ਨੂੰ ਬਿਨਾ ਸੋਚੇ ਸਮਝੇ ਠੀਕ ਮੰਨ ਲੈਦਾ ਹੈ ਅਤੇ ਉਸ ਤਰੀਕੇ ਨਾਲ ਹੀ ਅਪਣਾ ਲੈਂਦਾ ਹੈ ਜਿਵੇਂ ਉਸਦੇ ਵਡੇਰਿਆਂ ਨੇ ਅਪਣਾਇਆ ਸੀ। ਸਮਾਜ ਦੀਆਂ ਪਰੰਪਰਾਵਾਂ/ ਕਦਰਾਂ-ਕੀਮਤਾਂ ਪ੍ਰਤੀ ਬਣੀ 'ਸਹਿਜ ਸੂਝ' ਸਦੀਆਂ ਦੇ ਅਨੁਭਵ ਦਾ ਹਿੱਸਾ ਹੁੰਦੀ ਹੈ। ਇਹ ਹਰ ਵਸਤੂ ਦੀ ਤਰਫ਼ਦਾਰੀ ਕਰਦੀ ਹੈ, ਜਿਸ ਨੂੰ ਮਨੁੱਖ ਬਿਨਾ ਸੋਚੇ ਸਮਝੇ ਅਪਣਾਉਂਦਾ ਹੈ। ਪ੍ਰਵਚਨ ਸਾਡੇ ਆਲੇ-ਦੁਆਲੇ ਪਸਰੇ ਹੁੰਦੇ ਹਨ ਜੋ ਸਾਨੂੰ ਦਿਖਾਈ ਨਹੀਂ ਦਿੰਦੇ, ਇਹ ਅਦ੍ਰਿਸ਼ ਹੁੰਦੇ ਹਨ। ਪ੍ਰਵਚਨ ਅਸਲ ਵਿਚ ਵਿਚਾਰ ਹੀ ਹੁੰਦੇ ਹਨ ਜੋ ਸਾਡੇ ਮਨ ਦੇ ਅਵਚੇਤਨ ਵਿਚ ਵੱਸ ਜਾਂਦੇ ਹਨ ਅਤੇ ਜਦੋਂ ਮਨੁੱਖ ਦੇ ਅਵਚੇਤਨ ਤੇ ਸੱਤਾ ਸਥਪਿਤ ਕਰ ਲੈਂਦੇ ਹਨ ਤਾਂ ਉਹ ਵਿਚਾਰ ਪਦਾਰਥਕ ਸ਼ਕਤੀ ਵਿਚ ਬਦਲ ਜਾਂਦੇ ਹਨ। ਸੱਤਾ ਆਪਣੇ ਵਿਚਾਰਾਂ ਨੂੰ ਹਿੰਸਾ ਨਾਲ ਲਾਗੂ ਨਹੀਂ ਕਰਦੀ ਸਗੋਂ ਪ੍ਰਵਚਨ ਰਾਹੀਂ ਮਨੁੱਖੀ ਦਿਮਾਗ ਵਿਚ ਆਪਣੀ ਸਪੇਸ ਬਣਾਉਂਦੀ ਹੈ।

**Manuscript Information**

- **ISSN No:** 2584-184X
- **Received:** 07-05-2026
- **Accepted:** 28-06-2026
- **Published:** 30-06-2026
- **MRR:**4(6); 2026: 328-335
- **©2026, All Rights Reserved**
- **Plagiarism Checked:** Yes
- **Peer Review Process:** Yes

**How to Cite this Article**

ਕੌਰ ਹ. ਸੁੰਦਰਤਾ ਮਿੱਥ ਦੀ ਪ੍ਰਵਚਨਕਾਰੀ. Indian J Mod Res Rev. 2026;4(6):328-335.

**Access this Article Online**

www.mrrjournal.in

**ਮੁੱਖ ਸ਼ਬਦ:** ਪ੍ਰਵਚਨਕਾਰੀ, ਸੱਤਾ, ਸਹਿਜ ਸੂਝ, ਵਿਚਾਰਧਾਰਾ, ਮਿੱਥ ਆਦਿ।



© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

## ਭੂਮਿਕਾ

ਸਮਕਾਲੀ ਦੌਰ ਦੇ ਆਲੋਚਨਾ ਸਿਧਾਂਤਾਂ ਦੇ ਮਹੱਤਵਪੂਰਨ ਸਿਧਾਂਤ ਸਰੰਚਨਾਵਾਦ ਅਤੇ ਉੱਤਰ-ਸਰੰਚਨਾਵਾਦੀ ਦ੍ਰਿਸ਼ਟੀ ਅਨੁਸਾਰ ਇਹ ਸਪੱਸ਼ਟ ਹੋ ਗਿਆ ਹੈ ਕਿ ਮਾਨਵੀਂ ਹੋਂਦ ਦਾ 'ਸਵੈ' ਰੂਪ ਦੂਸਰੀ ਪ੍ਰਵਚਨਕਾਰੀ ਦੁਆਰਾ ਸਿਰਜਿਆ ਜਾਂਦਾ ਹੈ। ਭਾਵ ਕਿ ਮਨੁੱਖੀ ਮਨ ਨੂੰ ਘੜ੍ਹਿਆ ਜਾਂਦਾ ਹੈ। ਮਨੁੱਖ ਆਲੇ ਦੁਆਲੇ ਦੀਆਂ ਵਸਤਾਂ ਨੂੰ ਕਿਸ ਤਰ੍ਹਾਂ ਦੇਖਦਾ ਹੈ, ਉਹ ਆਲੇ-ਦੁਆਲੇ ਦਾ ਬੋਧ ਕਿਸ ਤਰ੍ਹਾਂ ਕਰਦਾ ਹੈ? ਸਰੰਚਨਾਵਾਦੀ ਆਲੋਚਨਾ ਪ੍ਰਣਾਲੀ ਨੇ ਯਥਾਰਥ ਬੋਧ ਬਾਰੇ ਸਦੀਆਂ ਦੀਆਂ ਧਾਰਨਾਵਾਂ ਨੂੰ ਨਕਾਰ ਦਿੱਤਾ ਹੈ। ਸਮਾਜ ਵਿਚ ਵਿਚਰਦੇ ਹੋਏ ਮਨੁੱਖ ਸਮਾਜ ਦੀਆਂ ਪੱਕੀਆਂ ਧਾਰਨਾਵਾਂ ਜੋ ਸਹਿਜ ਹੋ ਗਈਆਂ ਹਨ, ਉਹਨਾਂ ਨੂੰ ਬਿਨਾ ਸੋਚੇ ਸਮਝੇ ਠੀਕ ਮੰਨ ਲੈਂਦਾ ਹੈ ਅਤੇ ਉਸ ਤਰੀਕੇ ਨਾਲ ਹੀ ਅਪਣਾ ਲੈਂਦਾ ਹੈ ਜਿਵੇਂ ਉਸਦੇ ਵਡੇਰਿਆਂ ਨੇ ਅਪਣਾਇਆ ਸੀ। ਸਮਾਜ ਦੀਆਂ ਪਰੰਪਰਾਵਾਂ/ ਕਦਰਾਂ-ਕੀਮਤਾਂ ਪ੍ਰਤੀ ਬਣੀ 'ਸਹਿਜ ਸੂਝ' ਸਦੀਆਂ ਦੇ ਅਨੁਭਵ ਦਾ ਹਿੱਸਾ ਹੁੰਦੀ ਹੈ। ਇਹ ਹਰ ਵਸਤੂ ਦੀ ਤਰਫ਼ਦਾਰੀ ਕਰਦੀ ਹੈ, ਜਿਸ ਨੂੰ ਮਨੁੱਖ ਬਿਨਾ ਸੋਚੇ ਸਮਝੇ ਅਪਣਾਉਂਦਾ ਹੈ। 'ਪਰ ਸਰੰਚਨਾਵਾਦੀ ਚਿੰਤਨ ਨੇ ਇਹ ਸਿੱਧ ਕਰ ਦਿੱਤਾ ਹੈ ਉਹ ਚੀਜ਼ ਜਿਸਨੂੰ ਅਸੀਂ ਕਾਮਨਸੈਨ ਜਾਂ ਸਹਿਜ ਸੂਝ ਕਿਹਾ ਜਾਂਦਾ ਹੈ। ਉਹ ਖੁਦ ਇਕ ਵਿਚਾਰਧਾਰਕ ਸਿਰਜਨਾ ਹੈ। ਦੂਸਰੇ ਸ਼ਬਦਾਂ ਵਿਚ ਜਿਹੜੀ ਗੱਲ ਪ੍ਰਤੱਖ ਅਤੇ ਕੁਦਰਤੀ ਦਿਖਾਈ ਦਿੰਦੀ ਹੈ, ਜ਼ਰੂਰੀ ਨਹੀਂ ਕਿ ਉਹ ਅਸਲ ਵਿਚ ਅਜਿਹੀ ਹੋਵੇ।'[1] ਸਮਾਜ ਦੇ ਖ਼ਾਸ ਮਾਹੌਲ ਵਿਚ ਕੁਝ ਤੌਰ ਤਰੀਕਿਆਂ ਨਾਲ ਹੀ ਉਹ ਵਸਤੂ ਅਜਿਹੀ ਬਣ ਜਾਂਦੀ ਹੈ ਪਰ ਦੇਖਣ ਵਿਚ ਸਾਨੂੰ ਕੁਦਰਤੀ ਜਾਂ ਸਹਿਜ ਲੱਗਦੀ ਹੈ। ਸਮਾਜ ਵਿਚ ਮਨੁੱਖ (ਔਰਤ ਅਤੇ ਮਰਦ) ਸੁਭਾਵਿਕ ਹੀ ਜ਼ਿੰਦਗੀ ਬਸਰ ਕਰਦੇ ਹਨ। ਪਰ ਸਮਾਜ ਵਿਚ ਔਰਤ ਜ਼ਿੰਦਗੀ ਬਸਰ ਕਰਨ ਲਈ ਖ਼ਾਸ ਵਿਵਹਾਰ ਅਪਣਾਉਂਦੀ ਹੈ। ਇਹ ਖ਼ਾਸ ਵਿਵਹਾਰ ਉਸਨੂੰ ਸਮਾਜ ਵੱਲੋਂ ਹੀ ਦਿੱਤਾ ਜਾਂਦਾ ਹੈ ਪਰ ਔਰਤ ਇਸ ਨੂੰ ਸਹਿਜ ਮੰਨਦੀ ਹੈ ਅਤੇ ਬਿਨਾ ਕਿੰਤੂ ਪਰੰਤੂ ਦੇ ਇਸ ਵਿਵਹਾਰ ਨਾਲ ਕਸ਼ਟਮਈ ਜ਼ਿੰਦਗੀ ਬਤੀਤ ਕਰਦੀ ਹੈ ਅਤੇ ਇਸ ਕਸ਼ਟਮਈ ਜੀਵਨ ਦਾ ਸਾਰਾ ਇਲਜ਼ਾਮ ਆਪਣੇ ਪੂਰਵਲੇ ਕਰਮਾਂ ਸਿਰ ਮੜ੍ਹ ਦਿੰਦੀ ਹੈ। ਔਰਤ ਦੀ ਜ਼ਿੰਦਗੀ ਸਹਿਜ ਨਹੀਂ ਹੈ ਉਸਨੂੰ ਖ਼ਾਸ ਵਿਚਾਰਧਾਰਿਕ ਮਾਹੋਲ ਪ੍ਰਦਾਨ ਕੀਤਾ ਜਾਂਦਾ ਹੈ। ਉਸ ਨੂੰ ਸਮਾਜ ਵੱਲੋਂ ਘੜ੍ਹਿਆਂ ਜਾਂਦਾ ਹੈ। ਉਸਦੇ ਵਿਵਹਾਰ ਨੂੰ ਸਿਰਜਿਆ ਜਾਂਦਾ ਹੈ। ਕਿਹੜੀ ਸਥਿਤੀ ਵਿਚ ਉਸ ਨੇ ਕਿਹੜਾ ਵਿਵਹਾਰ ਕਰਨਾ ਹੈ? ਇਹ ਸਾਰਾ ਕੁਝ ਪਹਿਲਾ ਹੀ ਤੈਅ ਕੀਤਾ ਜਾਂਦਾ ਹੈ। ਇੱਕ ਸਾਂਚਾ ਤਿਆਰ ਕੀਤਾ ਜਾਂਦਾ ਹੈ ਜਿਸ ਵਿਚ ਉਸਨੇ ਫਿੱਟ ਹੋਣਾ ਹੁੰਦਾ ਹੈ। ਇਹ ਪ੍ਰਵਚਨਕਾਰੀ ਔਰਤ ਨੂੰ ਦੂਜੇਲੇ ਸਥਾਨ ਤੇ ਕਾਇਮ ਰੱਖਣ ਲਈ ਕੀਤੀ ਜਾਂਦੀ ਹੈ। ਪ੍ਰਵਚਨ ਵਿਚ ਉਹ ਸਾਰੀਆਂ ਮਿੱਥਾਂ/ ਪਰੰਪਰਾਵਾਂ/ਕਦਰਾਂ-ਕੀਮਤਾਂ ਸ਼ਾਮਲ ਹਨ ਜੋ ਔਰਤ ਦੀ ਜ਼ਿੰਦਗੀ ਨੂੰ ਆਪਣੇ ਅਨੁਸਾਰ ਗਤੀ ਬਖ਼ਸ਼ਦੀਆਂ ਹਨ। ਇਨ੍ਹਾਂ ਪਰੰਪਰਾਵਾਂ ਨੂੰ ਸਮਾਜਿਕ ਸੰਸਥਾਵਾਂ ਜਿਵੇਂ ਧਰਮ, ਰਾਜਨੀਤੀ, ਕਾਨੂੰਨ, ਸਕੂਲ, ਵਿਆਹ, ਸਭਿਆਚਾਰ, ਘਰ, ਪਰਿਵਾਰ ਆਦਿ ਦੁਆਰਾ ਲਾਗੂ ਕੀਤਾ ਜਾਂਦਾ ਹੈ। ਪ੍ਰਵਚਨ ਸ਼ਬਦ ਨੂੰ ਪਰਿਭਾਸ਼ਿਤ ਕਰਨਾ ਜ਼ਰੂਰੀ ਹੈ ਕਿਉਂਕਿ ਹਾਕਮ ਜਮਾਤ ਆਪਣੀ ਸੱਤਾ ਨੂੰ ਲਾਗੂ ਕਰਨ ਲਈ ਪ੍ਰਵਚਨ ਦਾ ਸਹਾਰਾ ਲੈਂਦੀ ਹੈ। ਤਸਕੀਨ ਅਨੁਸਾਰ,

ਜਿਨ੍ਹਾਂ ਵਿਚਾਰਾਂ ਨੂੰ ਅਸੀਂ ਸਿਰਫ਼ ਸਰਵਣ ਹੀ ਕਰਦੇ ਹਾਂ, ਉਹ ਪ੍ਰਵਚਨ ਹੁੰਦਾ ਹੈ। ਪ੍ਰਵਚਨ ਦੇ ਸੰਦਰਭ ਵਿਚ ਮੇਰੀ ਰਾਏ ਹੈ ਕਿ ਜਿਸ ਵਿਚਾਰ ਨੂੰ ਸੁਣ ਕੇ ਮਨੁੱਖ ਅੰਦਰ ਉਸ ਵਿਚਾਰ ਪ੍ਰਤੀ ਸੰਦੇਹ ਨਹੀਂ ਜਾਗਦਾ, ਉਹ ਪ੍ਰਵਚਨ ਹੀ ਹੁੰਦਾ ਹੈ।[2]

ਨਾਰੀ ਨੂੰ ਵੀ ਅਜਿਹੇ ਵਿਚਾਰ ਸੁਣਾਏ ਜਾਂਦੇ ਹਨ ਜਿਨ੍ਹਾਂ ਪ੍ਰਤੀ ਉਹ ਕਦੇ ਸੰਦੇਹ ਨਹੀਂ ਕਰਦੀ। ਪ੍ਰਵਚਨ ਰਾਹੀਂ ਨਾਰੀ ਦੇ ਮਨ ਨੂੰ ਵਸ ਵਿਚ ਕਰਕੇ ਉਸ ਦੇ ਤਨ 'ਤੇ ਕਬਜ਼ਾ ਕੀਤਾ ਜਾਂਦਾ ਹੈ। ਪ੍ਰਵਚਨ ਸਾਡੇ ਆਲੇ-ਦੁਆਲੇ ਪਸਰੇ ਹੁੰਦੇ ਹਨ ਜੋ ਸਾਨੂੰ ਦਿਖਾਈ ਨਹੀਂ ਦਿੰਦੇ, ਇਹ ਅਦ੍ਰਿਸ਼ ਹੁੰਦੇ ਹਨ। ਪ੍ਰਵਚਨ ਅਸਲ ਵਿਚ ਵਿਚਾਰ ਹੀ ਹੁੰਦੇ ਹਨ ਜੋ ਸਾਡੇ ਮਨ ਦੇ ਅਵਚੇਤਨ ਵਿਚ ਵੱਸ ਜਾਂਦੇ ਹਨ ਅਤੇ ਜਦੋਂ ਮਨੁੱਖ ਦੇ ਅਵਚੇਤਨ ਤੇ ਸੱਤਾ ਸਥਪਿਤ ਕਰ ਲੈਂਦੇ ਹਨ ਤਾਂ ਉਹ ਵਿਚਾਰ ਪਦਾਰਥਕ ਸ਼ਕਤੀ ਵਿਚ ਬਦਲ ਜਾਂਦੇ ਹਨ। ਸੱਤਾ ਆਪਣੇ ਵਿਚਾਰਾਂ ਨੂੰ ਹਿੰਸਾ ਨਾਲ ਲਾਗੂ ਨਹੀਂ ਕਰਦੀ ਸਗੋਂ ਪ੍ਰਵਚਨ ਰਾਹੀਂ ਮਨੁੱਖੀ ਦਿਮਾਗ ਵਿਚ ਆਪਣੀ ਸਪੇਸ ਬਣਾਉਂਦੀ ਹੈ। ਤਸਕੀਨ ਦੇ ਸ਼ਬਦਾਂ ਅਨੁਸਾਰ,

ਸੱਤਾ ਆਪਣੇ ਵਿਚਾਰਾਂ ਨੂੰ ਤਾਕਤ ਨਾਲ ਨਹੀਂ ਸਗੋਂ ਪ੍ਰਵਚਨ ਰਾਹੀਂ ਮਨੁੱਖ ਦੇ ਦਿਮਾਗ ਵਿਚ ਧੱਕਦੀ ਹੈ।(ਭਾਵੇਂ ਕਿ ਦਮਨ ਉਸਦਾ ਤਕਤਵਰ ਸੰਦ ਹੈ।) ਅਤੇ ਕਿਸੇ ਵਿਚਾਰ ਦਾ ਮਾਨਸਿਕਤਾ/ਅਵਚੇਤਨ 'ਤੇ ਸੱਤਾ ਸਥਾਪਿਤ ਕਰ ਲੈਣਾ ਹੀ ਉਸ ਵਿਚਾਰ ਦਾ ਪਦਾਰਥਕ ਤਾਕਤ ਵਿਚ ਤਬਦੀਲ ਹੋ ਜਾਣਾ ਹੁੰਦਾ ਹੈ।[3]

ਜਦੋਂ ਅਸੀਂ ਸਮਾਜ ਦੀ ਸਮੁੱਚੀ ਬਣਤਰ ਨੂੰ ਦੇਖਦੇ ਹਾਂ ਤਾਂ ਸੱਤਾ ਆਪਣੇ ਪ੍ਰਵਚਨ ਨੂੰ ਅਮਲੀ ਰੂਪ ਵਿਚ ਲਿਆਉਣ ਲਈ ਸਮਾਜਿਕ ਸੰਸਥਾਵਾਂ ਦਾ ਨਿਰਮਾਣ ਕਰਦੀ ਹੈ, ਜੋ ਸੱਤਾ ਦੇ ਪ੍ਰਵਚਨ ਨੂੰ ਕਾਰਜੀ ਰੂਪ ਦਿੰਦੀਆਂ ਹਨ। ਕਰਦੀਆਂ ਹਨ। ਅਲਥੂਸਰ ਅਨੁਸਾਰ, ਹਾਕਮ ਜਮਾਤ ਦੋ ਤਰ੍ਹਾਂ ਦੀਆਂ ਸੰਸਥਾਵਾਂ ਰਾਹੀਂ ਆਪਣੀ ਸਰਦਾਰੀ ਕਾਇਮ ਰੱਖਦੀ ਹੈ। ਇਹ ਦੋਵੇਂ ਤਰ੍ਹਾਂ ਦੀਆਂ ਸੰਸਥਾਵਾਂ ਸਟੇਟ ਨਾਲ ਸੰਬੰਧਿਤ ਹਨ। ਇਨ੍ਹਾਂ ਵਿਚੋਂ ਪਹਿਲੀ ਸ਼੍ਰੇਣੀ ਦੇ ਸਟੇਟ ਉਪਕਰਣਾਂ ਨੂੰ ਉਸਨੇ ਤੱਸ਼ਦਦਮਈ ਸਟੇਟ ਉਪਕਰਣ (Repressive State Apparatuses) ਕਿਹਾ ਹੈ ਕਿਉਂਕਿ ਇਹ ਹਿੰਸਾ ਰਾਹੀਂ ਆਪਣਾ ਕਾਰਜ ਕਰਦੇ ਹਨ ਅਤੇ ਇਨ੍ਹਾਂ ਵਿਚ 'ਸਰਕਾਰ,ਪ੍ਰਸਾਸ਼ਨ ਫ਼ੋਜ, ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ ' ਸ਼ਾਮਿਲ ਹਨ। ਦੂਜੀ ਤਰ੍ਹਾਂ ਦੀਆਂ ਸੰਸਥਾਵਾਂ ਸਟੇਟ ਉਪਕਰਣਾਂ ਦਾ ਹਿੱਸਾ ਹੁੰਦੀਆਂ ਹਨ, ਜਿਨ੍ਹਾਂ ਨੂੰ ਅਲਥਿਊਸਰ ਵਿਚਾਰਧਾਰਕ ਉਪਕਰਣਾਂ (Ideological State Apparatuses) ਕਹਿੰਦਾ ਹੈ। ਇਨ੍ਹਾਂ ਵਿਚ ਪਰਿਵਾਰਕ, ਵਿਦਿਅਕ, ਧਾਰਮਿਕ....... ਸੰਚਾਰ, ਸਭਿਆਚਾਰਕ ਸੰਸਥਾਵਾਂ ਸ਼ਾਮਿਲ ਹਨ।[4]


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

ਇਹ ਉਪਕਰਣ ਮਨੁੱਖ ਦੇ ਸਰੀਰ ਅਤੇ ਉਸਦੇ ਅਵਚੇਤਨ ਨੂੰ ਕਾਬੂ ਕਰ ਕੇ ਆਪਣੀ ਸਰਦਾਰੀ ਕਾਇਮ ਰੱਖਦੇ ਹਨ। ਇਸ ਵਿਚਾਰਧਾਰਾ ਵਿਚ ਵਿਰੋਧਤਾਈਆਂ ਵੀ ਪਈਆਂ ਹੁੰਦੀਆਂ ਹਨ ਜੋ ਵਿਰੋਧ ਦਾ ਸਬੱਬ ਬਣਦੀਆ ਹਨ। ਦਮਿਤ ਧਿਰ ਹਮੇਸ਼ਾ ਇਨ੍ਹਾਂ ਵਿਰੁੱਧ ਆਵਾਜ਼ ਉਠਾਉਂਦੀ ਰਹਿੰਦੀ ਹੈ। ਜਦੋਂ ਇਹ ਆਵਾਜ਼ ਸੰਗਠਿਤ ਹੋ ਕੇ ਉਠਦੀ ਹੈ ਤਾਂ ਕਿਸੇ ਅੰਦੋਲਨ ਦਾ ਰੂਪ ਧਾਰਦੀ ਹੈ।

ਘਰ ਵਿਚ ਨਰ ਅਤੇ ਨਾਰੀ ਦੇ ਲਿੰਗ ਸੰਬੰਧਾਂ ਅਤੇ ਉਹਨਾਂ ਦੇ ਆਰਥਿਕ ਸੰਬੰਧਾਂ ਦੇ ਆਧਾਰ 'ਤੇ ਹੀ ਸਮਾਜਿਕ ਤਾਣੇ-ਬਾਣੇ ਦਾ ਨਿਰਮਾਣ ਹੁੰਦਾ ਹੈ। ਸਮਾਜਿਕ ਬਣਤਰ ਸਾਨੂੰ ਅਜਿਹਾ ਮਾਡਲ ਪ੍ਰਦਾਨ ਕਰਦੀ ਹੈ ਜਿਸ ਨਾਲ ਅਸੀਂ ਪੁਰਸ਼ਤਵ ਅਤੇ ਨਾਰੀਤਵ ਦੀ ਵਿਚਾਰਧਾਰਾ ਨੂੰ ਸਮਝ ਸਕਦੇ ਹਾਂ ਅਤੇ ਇਹ ਮਾਡਲ ਸਾਨੂੰ ਦੱਸਦਾ ਹੈ ਕਿ ਲਿੰਗ ਸੰਬੰਧਾਂ ਦੀ ਵਿਵਸਥਾ ਨੂੰ ਸਮਾਜ ਦੁਆਰਾ ਕਿਵੇਂ ਮਾਨਤਾ ਦਿੱਤੀ ਜਾਂਦੀ ਹੈ? ਇਨ੍ਹਾਂ ਸੰਬੰਧਾਂ ਦੇ ਆਧਾਰ 'ਤੇ ਹੀ ਉਨ੍ਹਾਂ ਦੀ ਸਰੀਰਕ ਦਿੱਖ, ਪਹਿਰਾਵਾ, ਬੋਲਣ ਦੇ ਢੰਗ, ਕੰਮ ਆਦਿ ਵੰਡ ਕੇ ਕਿਸੇ ਇੱਕ ਵਰਗ ਦੀ ਸੱਤਾ ਕਾਇਮ ਕੀਤੀ ਜਾਂਦੀ ਹੈ। ਇਕ ਵਰਗ ਦੀ ਸੱਤਾ ਹੀ ਵਿਅਕਤੀ ਦੀ ਕੁਦਰਤੀ ਭਿੰਨਤਾ ਨੂੰ ਅੱਖੀਓ ਓਹਲੇ ਕਰਦੀ ਹੈ, ਨਰ ਅਤੇ ਨਾਰੀ ਨੂੰ ਪੁਰਸ਼ਤਵ ਅਤੇ ਨਾਰੀਤਵ ਨਾਲ ਜੋੜ ਦਿੰਦੀ ਹੈ। ਇਸ ਦੁਵੰਡ ਨੂੰ ਸਮਾਜਿਕ ਕਾਰਵਾਈਆ ਦੁਆਰਾ ਕਾਇਮ ਰੱਖਿਆ ਜਾਂਦਾ ਹੈ। ਸਮਾਜ ਦੁਆਰਾ ਦਿੱਤੀ ਪਛਾਣ ਲਈ ਨਰ ਅਤੇ ਨਾਰੀ ਜਵਾਬਦੇਹ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਇਸ ਪਛਾਣ ਨੂੰ ਕਾਇਮ ਰੱਖਣਾ ਹੁੰਦਾ ਹੇ। ਇਹ ਪਛਾਣ ਨਰ ਨੂੰ ਸਮਾਜ ਵਿਚ ਸ਼ਕਤੀਸ਼ਾਲੀ ਅਤੇ ਨਾਰੀ ਨੂੰ ਹੀਣ ਦਰਜਾ ਦਿੰਦੀ ਹੈ। ਇਸ ਭਿੰਨਤਾ ਨੂੰ ਬਿਨਾ ਕਿਸੇ ਤਰਕ ਦੇ ਆਧਾਰ 'ਤੇ ਕੁਝ ਮਿੱਥਾਂ ਅਨੁਸਾਰ ਕਾਇਮ ਰੱਖਿਆ ਜਾਂਦਾ ਹੈ। ਇਨ੍ਹਾਂ ਮਿੱਥਾਂ ਨੂੰ ਆਧਾਰ ਬਣਾ ਕੇ ਹੀ ਪਿੱਤਰੀ ਸੱਤਾ ਨਾਰੀ ਬਿੰਬ ਦੀ ਨਿਰਮਾਣਕਾਰੀ ਕਰਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸੱਤਾ ਨਰ ਅਤੇ ਨਾਰੀ ਨੂੰ ਆਪਣੇ ਕੰਟਰੋਲ ਅਧੀਨ ਰੱਖਦੀ ਹੈ। ਸਮਾਜ ਵਿਚ ਦੋਨਾਂ ਧਿਰਾ (ਨਰ ਅਤੇ ਨਾਰੀ) ਵਿਚ ਅਸਮਾਨ ਵੰਡ ਕੀਤੀ ਜਾਂਦੀ ਹੈ। ਪਰੰਤੂ ਅਸਲ ਵਿਚ ਅਜਿਹਾ ਨਹੀਂ ਹੁੰਦਾ ਕਿਉਂਕਿ ਸਮਾਜ ਵਿੱਚ ਅਜਿਹੀਆਂ ਨਾਰੀਆਂ ਵੀ ਹੁੰਦੀਆਂ ਹਨ ਜੋ ਘਰ ਅਤੇ ਘਰ ਤੋਂ ਬਾਹਰ ਦੇ ਕੰਮ ਕਰਦੀਆਂ ਹਨ। ਇਸ ਦੀ ਉਦਾਹਰਣ ਅਸੀਂ ਸਾਹਿਤ ਵਿਚੋਂ ਲੈ ਸਕਦੇ ਹਾਂ ਕਿਉਂਕਿ ਸਾਹਿਤਕਾਰ ਵੀ ਸਮਾਜ ਦਾ ਹੀ ਹਿੱਸਾ ਹੁੰਦਾ ਹੈ ਉਹ ਇੰਨ੍ਹਾਂ ਮਿੱਥਾਂ ਦੀ ਸਿਰਜਣਾ ਪਿੱਛੇ ਕੰਮ ਕਰ ਰਹੀਆਂ ਅਦਿੱਖ ਸ਼ਕਤੀਆਂ ਨੂੰ ਪਹਿਚਾਣਦਾ ਹੈ ਅਤੇ ਇੰਨ੍ਹਾਂ ਨੂੰ ਤੋੜਕੇ ਨਵੇਂ ਨਾਰੀ ਬਿੰਬ ਨੂੰ ਘੜਦਾ ਹੈ। ਪ੍ਰਵਚਨਕਾਰੀ ਵਿਚ ਭਾਸ਼ਾ ਵੀ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਭਾਸ਼ਾ ਹੀ ਵਸਤੂਆਂ ਨੂੰ ਉਸਾਰਨ ਦਾ ਕੰਮ ਕਰਦੀ ਹੈ। ਵਸਤੂ ਵਿਚ ਲਿੰਗ-ਭੇਦ ਦੀ ਭਿੰਨਤਾ ਨੂੰ ਪਛਾਣਨ ਲਈ ਭਾਸ਼ਾ ਹੀ ਸਹਾਈ ਹੁੰਦੀ ਹੈ। ਭਾਸ਼ਾਂ ਵਸਤੂ ਦੀ ਬਿੰਬਕਾਰੀ ਕਰਦੀ ਹੈ। ਨਾਰੀ ਲਈ ਵਰਤਿਆ ਜਾਣ ਵਾਲਾ ਸ਼ਬਦ 'ਔਰਤ' ਦੇ ਜਦੋਂ ਅਸੀਂ ਕੋਸ਼ਗਤ ਅਰਥ ਦੇਖਦੇ ਹਾਂ ਤਾਂ ਇਹ ਅਰਥ ਹੀ ਨਾਰੀ ਦੀ ਦੂਜੈਲੀ ਸਥਿਤੀ ਨੂੰ ਨਿਰਧਾਰਿਤ ਕਰ ਦਿੰਦੇ ਹਨ। ਜਿਵੇਂ,

ਸਰੀਰ ਦਾ ਉਹ ਹਿੱਸਾ ਜਿਸਨੂੰ ਦੇਖਣ ਤੇ ਦਿਖਾਉਣ ਨਾਲ ਸ਼ਰਮ ਆਵੇ, ਗੁਪਤ ਅੰਗ। ਇਸਤਰੀ ਲਈ ਅਲੰਕਾਰ ਸ਼ਬਦ 'ਔਰਤ' ਇਸ ਲਈ ਵਰਤਦੇ ਕਿਉਂਕਿ ਸਿਰ ਤੋਂ ਪੈਰਾਂ ਤੱਕ ਸਾਰਾ ਜਿਸਮ 'ਔਰਤ' ਹੈ ਭਾਵ ਢੱਕ ਕੇ ਰੱਖਣਯੋਗ ਹੈ।[5]

ਭਾਵ ਕਿ ਜਿਸ ਚੀਜ਼ ਨੂੰ ਅਸੀਂ ਛੁਪਾ ਕੇ ਅਤੇ ਢੱਕ ਕੇ ਰੱਖ ਸਕਦੇ ਹਾਂ। ਇਸ ਤੋਂ ਇਲਾਵਾ ਅਸੀਂ ਬੋਲਣ ਦੇ ਪੱਧਰ 'ਤੇ ਵੀ ਫ਼ਰਕ ਦੇਖ ਸਕਦੇ ਹਾਂ। ਜਿਵੇਂ ਮੁੰਡਾ ਸਕੂਲ ਜਾਂਦਾ ਹੈ, ਕੁੜੀ ਸਕੂਲ ਜਾਂਦੀ ਹੈ। ਮਾਤਾ ਰਸੋਈ ਵਿਚ ਰੋਟੀ ਬਣਾਉਂਦੀ ਹੈ ਅਤੇ ਪਿਤਾ ਦਫ਼ਤਰ ਜਾਂਦੇ ਹਨ। ਇਹ ਸਾਰੇ ਵਾਕ ਦੀ ਕਿਰਿਆ ਜਾਂਦਾ ਹੈ, ਜਾਂਦੀ ਹੈ, ਬਣਾਉਂਦੀ ਹੈ ਅਤੇ ਜਾਂਦੇ ਹਨ ਇਸ ਵਰਗ ਵੰਡ ਨੂੰ ਦਰਸਾਉਂਦੇ ਹਨ ਕਿ ਔਰਤ ਅਤੇ ਮਰਦ ਭੇਦਭਾਵ ਕਿੰਨਾ ਰਮਿਆ ਹੋਇਆ ਹੈ। ਇਹ ਵੰਡ ਸਿਰਫ਼ ਸੰਜੀਵ ਜੀਵਾਂ ਲਈ ਹੀ ਨਹੀਂ ਸਗੋਂ ਨਿਰਜੀਵ ਵੀ ਇਸ ਵੰਡ ਤੋਂ ਬਚ ਨਹੀਂ ਸਕੇ। ਇਨ੍ਹਾਂ ਜੀਵਾਂ ਦੀ ਵੰਡ ਦੇ ਆਧਾਰ 'ਤੇ ਹੀ ਇਕ ਨੂੰ ਸ਼ਕਤੀਸ਼ਾਲੀ ਅਤੇ ਦੂਸਰੇ ਨੂੰ ਕਮਜ਼ੋਰ ਦਰਜਾ ਪ੍ਰਾਪਤ ਹੈ। ਸ਼ਕਤੀਸ਼ਾਲੀ ਅਤੇ ਕਮਜ਼ੋਰ ਵਿਚਲੇ ਤਰਕ ਨੂੰ ਦੱਸਣ ਦੀ ਬਜਾਇ ਇਸ ਨੂੰ ਵਾਧੂ ਮਿੱਥਾਂ ਦਾ ਗ਼ਿਲਾਫ ਚੜ੍ਹਾ ਦਿੱਤਾ ਜਾਂਦਾ ਹੈ। ਸਭ ਤੋਂ ਪਹਿਲਾ ਸਰੀਰ ਨੂੰ ਆਧਾਰ ਬਣਾ ਕੇ ਸਰੀਰਾਂ ਦਾ ਵਿਭਾਜਨ ਕੀਤਾ ਜਾਂਦਾ ਹੈ ਅਤੇ ਫਿਰ ਸਰੀਰ ਨੂੰ ਆਧਾਰ ਬਣਾ ਕੇ ਗੁਣਾਂ ਅਤੇ ਲੱਛਣਾਂ ਦਾ ਵਿਭਾਜਨ ਕੀਤਾ ਜਾਂਦਾ ਹੈ।

ਜ਼ਿੰਦਗੀ ਦੇ ਸੋਹਣੇ ਅਤੇ ਭੱਦੇ ਰੰਗਾਂ ਵਿਚ, ਵਸਤੂ ਦੀ ਸੁੰਦਰਤਾ ਅਤੇ ਕਰੂਪ ਵਿਚ ਫ਼ਰਕ ਨੂੰ ਭਾਸ਼ਾ ਹੀ ਨਿਸ਼ਚਿਤ ਕਰਦੀ ਹੈ। ਸਮਾਜ ਵਿਚ ਸੋਹਣਾ ਅਤੇ ਕਰੂਪ/ ਚੰਗਾ ਅਤੇ ਬੁਰੇ ਦੇ ਪੈਮਾਨੇ ਪਹਿਲਾ ਹੀ ਤੈਅ ਕਰ ਜਾਂਦੇ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਸਧਾਰਨ ਮਨੁੱਖ ਆਪਣੇ ਵਿਚਾਰ ਰੱਖਦੇ ਹਨ। ਪਰ ਅਜਿਹਾ ਕਿਵੇਂ ਹੋ ਸਕਦਾ ਹੈ? ਇੱਕ ਵਸਤੂ ਇੱਕ ਮਨੁੱਖ ਨੂੰ ਸੁੰਦਰ ਲੱਗਦੀ ਹੈ ਤੇ ਉਹੀ ਵਸਤੂ ਦੂਜੇ ਨੂੰ ਬਦਸੂਰਤ ਵੀ ਲੱਗ ਸਕਦੀ ਹੈ। ਕਿਉਂਕਿ ਹਰੇਕ ਮਨੁੱਖ ਦੀਆਂ ਆਪਣੀਆਂ ਸੁਹਜ-ਸੰਵੇਦਨਾਵਾਂ ਹੁੰਦੀਆਂ ਹਨ। ਸੰਵੇਦਨਾਵਾਂ ਖ਼ਾਸ ਵਸਤੂ ਨੂੰ ਦੇਖਣ ਤੇ ਉਤੇਜਿਤ ਹੁੰਦੀਆਂ ਹਨ। ਅਰਥਾਤ ਮਨੁੱਖ ਪਾਸ ਕੁਝ ਕੁ ਵਸਤਾਂ ਅਤੇ ਘਟਨਾਵਾਂ ਦੇ ਪ੍ਰਭਾਵ ਹੇਠ ਇੱਕ ਵਿਸ਼ੇਸ਼ ਪ੍ਰਕਾਰ ਦਾ (ਸੁਹਜ) ਅਨੰਦ ਮਾਨਣ ਦੀ ਸ਼ਕਤੀ ਹੁੰਦੀ ਹੈ। ਪਰ ਕਿਹੜੀਆਂ ਖ਼ਾਸ ਵਸਤਾਂ ਅਤੇ ਘਟਨਾਵਾਂ ਉਸਨੂੰ ਅਨੰਦ ਦਿੰਦੀਆਂ ਹਨ, ਇਸ ਗੱਲ ਦਾ ਨਿਰਭਰ ਉਨ੍ਹਾਂ ਹਾਲਾਤਾਂ ਉੱਪਰ ਹੈ ਜਿਨ੍ਹਾਂ ਵਿਚ ਉਹ ਪਲਦਾ, ਰਹਿੰਦਾ ਅਤੇ ਕਰਮ ਕਰਦਾ ਹੈ।[6]

ਮਨੁੱਖ ਦੀਆਂ ਸੁਹਜ ਸੰਵੇਦਨਾਵਾਂ ਕਠਿਨ ਤੇ ਜਟਿਲ ਵਿਚਾਰਾਂ ਨਾਲ ਜੁੜੀਆਂ ਹੁੰਦੀਆਂ ਹਨ। ਜਟਿਲ ਵਿਚਾਰ ਸਮਾਜ ਵਿਚ ਪ੍ਰਚੱਲਿਤ ਹੁੰਦੇ ਹਨ ਜੋ ਆਪਣੇ ਆਲੇ ਦੁਆਲੇ ਇੱਕ ਓਰਾ ਬਣਾ ਕੇ ਰੱਖਦੇ ਹਨ। ਇਹ ਵਿਚਾਰ ਵਿਸ਼ਵਾਸਾਂ ਵਿਚੋਂ ਉਪਜਦੇ ਹਨ ਅਤੇ ਇਨ੍ਹਾਂ ਨੂੰ ਸਮਾਜਿਕ ਵਿਵਹਾਰਾਂ ਵਿਚ ਮਾਨਤਾ ਵੀ ਪ੍ਰਮੁੱਖ ਰੂਪ ਵਿਚ ਪ੍ਰਾਪਤ ਹੋ ਜਾਂਦੀ ਹੈ। ਗੱਲ ਕਰੀਏ ਮੁੱਢਲੇ ਸਮਾਜ ਦੀ, ਜਿੱਥੇ ਲੋਕ ਜੰਗਲਾਂ ਵਿਚ ਰਹਿੰਦੇ ਸਨ। ਇਹ ਜਾਂਗਲੀ ਲੋਕ ਜੰਗਲੀ ਜਾਨਵਰ ਦੀ ਖੱਲ,


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

ਪੰਜੇ ਤੇ ਦੰਦਾਂ ਨਾਲ ਆਪਣੇ ਸਰੀਰ ਨੂੰ ਸਜਾਉਂਦੇ ਸਨ। ਅਤੇ ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮਨੁੱਖ ਜਦੋਂ ਜਾਨਵਰ ਦੀ ਖੱਲ ਨਾਲ ਆਪਣੇ ਸਰੀਰ ਨੂੰ ਸਜਾਉਂਦਾ ਹੈ ਤਾਂ ਮਨੁੱਖ ਵਿਚ ਉਸ ਜਾਨਵਰ ਜਿੰਨੀ ਤਾਕਤ ਆ ਸਮਾਉਂਦੀ ਹੈ। ਪਰ ਅਸਲ ਵਿਚ ਜਦੋਂ ਮਨੁੱਖ ਜੰਗਲੀ ਜਾਨਵਰ ਦੀ ਖੱਲ ਨਾਲ ਆਪਣੇ ਸਰੀਰ ਨੂੰ ਸਜਾਉਂਦਾ ਸੀ ਤਾਂ ਉਹ ਆਪਣੇ ਆਪ ਨੂੰ ਉਸ ਸਮੂਹ ਨਾਲੋਂ ਵੀ ਵੱਖਰਾ ਕਰ ਲੈਂਦਾ ਸੀ ਅਤੇ ਆਪਣੀ ਤਾਕਤ ਵੱਲ ਵੀ ਸੰਕੇਤ ਕਰ ਰਿਹਾ ਹੁੰਦਾ ਸੀ। ਉਦਾਹਰਣ ਲਈ ਅਸੀਂ ਦੱਖਣੀ ਭਾਗ ਦੇ ਰੈਡ ਇੰਡੀਅਨ ਕਬੀਲੇ ਦੇ ਲੋਕਾਂ ਨੂੰ ਦੇਖ ਸਕਦੇ ਹਾਂ। ਜੋ ਆਪਣੇ ਆਪ ਨੂੰ ਭੂਰੇ ਰਿੱਛ ਦੇ ਪੰਜਿਆਂ ਤੋਂ ਬਣੇ ਗਹਿਣਿਆਂ ਨਾਲ ਸਜਾਉਂਦੇ ਹਨ। ਭੂਰਾ ਰਿੱਛ ਉਸ ਸਮੇਂ ਦਾ ਭਿਆਨਕ ਜਾਨਵਰ ਮੰਨਿਆ ਜਾਂਦਾ ਸੀ। ਭਿਆਨਕ ਜਾਨਵਰਾਂ ਦੀਆਂ ਖੱਲਾਂ, ਦੰਦ ਅਤੇ ਪੰਜੇ ਸ਼ੁਰੂ ਵਿਚ ਹਿੰਮਤ, ਤਾਕਤ ਅਤੇ ਸ਼ਕਤੀ ਦੇ ਚਿੰਨ੍ਹ ਵਜੋਂ ਪ੍ਰਚੱਲਿਤ ਸਨ ਪਰ ਸਮੇਂ ਦੇ ਵਿਕਾਸ ਨਾਲ ਇਹ ਵਸਤਾਂ ਮਨੁੱਖ ਦੀ ਸੁਹਜ ਸੰਵੇਦਨਾ ਨੂੰ ਟੁੰਬਣ ਲੱਗੀਆਂ ਅਤੇ ਇਸ ਦੇ ਨਾਲ ਹੀ ਗਹਿਣਿਆਂ ਦਾ ਰਿਵਾਜ਼ ਹੋਂਦ ਵਿਚ ਆ ਜਾਂਦਾ ਹੈ। 'ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜਾਂਗਲੀਆਂ ਦੇ ਸੁਹਜ ਭਾਵ ਗੁੰਝਲਦਾਰ ਵਿਚਾਰਾਂ ਨਾਲ ਕੇਵਲ ਜੁੜੇ ਹੀ ਨਹੀਂ ਹੁੰਦੇ ਸਗੋਂ ਕਈ ਵਾਰ ਇਹੋ ਜਿਹੇ ਵਿਚਾਰਾਂ ਦੇ ਪ੍ਰਭਾਵ ਅਧੀਨ ਉਪਜਦੇ ਵੀ ਹੋ ਸਕਦੇ ਹਨ।[7]

'ਨਾਰੀ ਸੁੰਦਰਤਾ ਮਿੱਥ' ਨੂੰ ਵਿਚਾਰਨ ਤੋਂ ਪਹਿਲਾ 'ਸੁੰਦਰਤਾ' ਦੇ ਸ਼ਬਦ ਦੀ ਪਰਿਭਾਸ਼ਾ ਨਿਸਚਿਤ ਕਰਨੀ ਜ਼ਰੂਰੀ ਹੈ ਤਾਂ ਜੋ ਅਸੀਂ ਸੁੰਦਰਤਾ ਦੇ ਅਰਥਾਂ ਨੂੰ ਸਮਝ ਕੇ ਇਕ ਸੂਝ ਤਿਆਰ ਕਰ ਸਕੀਏ। ਮੁੱਢਲੇ ਸਮੇਂ ਤੋਂ ਦਾਰਸ਼ਨਿਕ, ਸੁਹਜ-ਸ਼ਾਸ਼ਤਰੀ, ਮਨੋਵਿਗਿਆਨੀ ਅਤੇ ਸਮਾਜ ਵਿਗਿਆਨੀ ਸੁੰਦਰਤਾ ਦੀ ਪਰਿਭਾਸ਼ਾ ਮਿੱਥਦੇ ਰਹੇ ਹਨ। ਵੱਖ-ਵੱਖ ਸਮੇਂ ਵਿਚ ਸੁੰਦਰਤਾ ਦੀ ਪਰਿਭਾਸ਼ਾ ਅਤੇ ਸੁੰਦਰਤਾ ਦੇ ਪੈਮਾਨੇ/ਮਾਪ-ਦੰਡ ਬਦਲਦੇ ਰਹੇ ਹਨ। ਦਾਰਸ਼ਨਿਕ ਵਿਗਿਆਨੀ ਪਲੈਟੋ ਨੇ ਸੁੰਦਰਤਾ ਦੀ ਆਦਰਸ਼ਵਾਦੀ ਪਰਿਭਾਸ਼ਾ ਦਿੱਤੀ ਹੈ। ਪਲੈਟੋ ਨੇ ਸੁੰਦਰਤਾ ਨੂੰ ਆਦਰਸ਼ ਅਤੇ ਨੈਤਿਕਤਾ ਨਾਲ ਜੋੜਿਆ ਹੈ ਅਤੇ ਪਰਮਾਤਮਾ ਨੂੰ ਸੰਪੂਰਨ ਸੁੰਦਰਤਾ ਆਖਿਆ ਹੈ। ਅਰਸਤੂ ਨੇ ਸੁੰਦਰਤਾ ਦੀ ਪਰਿਭਾਸ਼ਾ ਆਪਣੇ ਗ੍ਰੰਥ ਰਿਪਬਲਿਕ ਵਿਚ ਇਸ ਤਰ੍ਹਾਂ ਦਿੱਤੀ ਹੈ, ਸੱਚ ਤੇ ਸ਼ਿਵ ਨੂੰ ਸੁੰਦਰਤਾ ਨਾਲੋਂ ਵੱਖਰੇ ਮੰਨਿਆ ਹੈ ਕਿਉਂਕਿ ਸ਼ਿਵ ਕਰਮ ਵਿਚ ਵਸਦਾ ਹੈ ਅਤੇ ਸੁੰਦਰਤਾ ਰੂਪ ਵਿਚ।....ਸੁੰਦਰਤਾ ਸਥਿਰ, ਅਚੱਲ ਤੇ ਜੜ੍ਹ ਹੁੰਦੀ ਹੈ ਜਦੋਂ ਕਿ ਸ਼ਿਵ ਕਰਮ ਵਿਚੋਂ ਉਤਪੰਨ ਹੁੰਦਾ ਹੈ।[8]

ਭਾਰਤੀ ਸਾਹਿਤ ਵਿਚ ਸਤਾਰਵੀਂ ਸ਼ਤਾਬਦੀ ਵਿਚ ਸੁੰਦਰਤਾ ਲਈ 'ਰਮਣੀਆਂ' ਸ਼ਬਦ ਵਰਤਿਆ ਗਿਆ। ਜਿਸ ਦੀ ਸਭ ਤੋਂ ਪਹਿਲਾ ਵਰਤੋਂ ਸੋਦਰਯ ਸ਼ਾਸ਼ਤਰੀ ਜਗਨਨਾਥ ਨੇ ਕੀਤੀ ਸੀ। 'ਰਮਣੀਆਂ' ਸ਼ਬਦ ਦੇ ਅਰਥ ਸੁੰਦਰ ਹਨ। ਜਦੋਂ ਅਸੀਂ 'ਰਮਣੀਯ' ਦੇ ਕੋਸ਼ਗਤ ਅਰਥਾਂ ਨੂੰ ਦੇਖਦੇ ਹਾਂ ਤਾਂ ਇਸ ਸ਼ਬਦ ਦੇ ਅਰਥ ਹਨ ਸੁੰਦਰ, ਰਮਣੀਕ, ਮਨੋਹਰ, ਪਿਆਰਾ, ਮਨਭਾਉਂਦਾ।[9]

ਦਰਸ਼ਨ ਸ਼ਾਸ਼ਤਰ ਦੀ ਇੱਕ ਸ਼ਾਖਾ ਸੁਹਜ ਸ਼ਾਸ਼ਤਰ ਹੈ। ਸੁਹਜ ਸ਼ਾਸ਼ਤਰ 'ਸੁਹਜ' ਦਾ ਅਧਿਐਨ ਕਰਦਾ ਹੈ। ਇਹ ਦੋ ਪ੍ਰਕਾਰ ਦਾ ਹੁੰਦਾ ਹੈ ਆਤਮਿਕ ਅਤੇ ਵਸਤੂਪਰਕ। ਆਤਮਪਰਕ ਰੂਪ ਦਾ ਅਧਿਐਨ ਕਰਦੇ ਸਮੇਂ ਸੁਹਜਮਈ ਪ੍ਰਕਿਰਿਆ, ਸਿਰਜਨ ਯੋਗਤਾ ਅਤੇ ਸੁਹਜ ਭਾਵਨਾ ਦਾ ਅਧਿਐਨ ਕੀਤਾ ਜਾਂਦਾ ਹੈ। ਵਸਤੂਪਰਕ ਰੂਪ ਵਿਚ ਉਹ ਸਾਰੀਆਂ ਕੁਦਰਤੀ, ਸਭਿਆਚਾਰਕ ਅਤੇ ਕਲਾਮਈ ਵਸਤਾਂ ਸ਼ਾਮਿਲ ਹਨ ਜੋ ਸੁਹਜਮਈ ਭਾਵਨਾਵਾਂ ਪੈਦਾ ਕਰਨ ਦੇ ਸਮਰੱਥ ਹੈ। ਸੁਹਜ-ਸ਼ਾਸ਼ਤਰ ਸੁੰਦਰਤਾ ਦੀ ਪ੍ਰਵਿਰਤੀ ਅਤੇ ਸਵਾਦ ਨਾਲ ਜੁੜਿਆ ਹੋਇਆ ਹੈ। ਸੁਹਜ-ਸ਼ਾਸ਼ਤਰ ਵਿਚ ਕਲਾ, ਕਲਾਕਾਰ, ਸਭਿਆਚਾਰ ਅਤੇ ਕੁਦਰਤ ਦੀ ਆਲੋਚਨਾ ਕੀਤੀ ਜਾਂਦੀ ਹੈ। ਇਹ ਕਲਾ ਦੇ ਕੰਮਾਂ, ਸੁਹਜ ਅਨੁਭਵ ਅਤੇ ਸੁਹਜ ਸੰਬੰਧੀ ਨਿਰਣੈ ਦਾ ਅਧਿਐਨ ਕਰਦਾ ਹੈ। ਸੁਹਜ ਅਨੁਭਵ ਤੋਂ ਭਾਵ ਸੁੰਦਰਤਾ ਨੂੰ ਮਹਿਸੂਸ ਕਰਨਾ ਹੈ। ਸੁੰਦਰਤਾ ਦੇ ਇਸ ਅਨੁਭਵ ਬਾਰੇ ਅਲੱਗ ਅਲੱਗ ਵਿਚਾਰ ਹਨ ਕਿਸੇ ਨੇ ਸੁੰਦਰਤਾ ਨੂੰ ਸਪੱਸ਼ਟਤਾ ਨਾਲ ਜੋੜਿਆ ਹੈ, ਕਿਸੇ ਨੇ ਇੱਕਰੂਪਤਾ ਨਾਲ, ਸੁੱਖ ਦੇਣ ਵਾਲੀ ਕਲਾ ਨੂੰ ਸੁੰਦਰ ਕਿਹਾ ਹੈ, ਕਿਸੇ ਨੇ ਦੈਵੀ ਤੇ ਕਿਸੇ ਨੇ ਨੈਤਿਕਤਾ ਨਾਲ। ਭਾਰਤੀ ਆਚਾਰਿਆ ਸ਼ਾਸ਼ਤਰੀਆਂ ਨੇ ਇਸ ਨੂੰ 'ਸੱਤਯ, ਸ਼ਿਵੰ, ਸੁੰਦਰਮ' ਨਾਲ ਮੰਨਿਆ ਹੈ।

ਸੁੰਦਰਤਾ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਨੂੰ ਵਿਚਾਰਨ ਤੋਂ ਬਾਅਦ ਅਸੀਂ ਇਹ ਕਹਿ ਸਕਦੇ ਹਾਂ ਕਿ ਸੁੰਦਰਤਾ ਨੂੰ ਨੈਤਿਕਤਾ ਨਾਲ ਜੋੜ ਕੇ ਪਰਿਭਾਸ਼ਿਤ ਕੀਤਾ ਜਾਂਦਾ ਹੈ। ਸੁੰਦਰਤਾ ਦੈਵਿਕ ਸੰਪੂਰਨਤਾ ਦਾ ਪ੍ਰਤੀਬਿੰਬ ਹੈ। ਸ਼ਿਵ ਸੱਚ ਨੂੰ ਸੰਪੂਰਨ ਸੁੰਦਰਤਾ ਕਿਹਾ ਗਿਆ ਹੈ। ਬਾਅਦ ਵਿਚ ਸ਼ਿਵ ਨੂੰ ਕਰਮ ਅਤੇ ਰੂਪ ਨੂੰ ਸੁੰਦਰਤਾ ਕਿਹਾ ਗਿਆ ਹੈ। ਇਹ ਸਾਰੀਆਂ ਪਰਿਭਾਸ਼ਾਵਾਂ ਨੂੰ ਅਸੀਂ ਇਹ ਕਹਿ ਸਕਦੇ ਹਾਂ ਕਿ ਜੋ ਚੀਜ਼ ਮਨ ਨੂੰ ਖ਼ੁਸ਼ੀ ਦਿੰਦੀ ਹੈ। ਮਨੁੱਖੀ ਮਨ ਨੂੰ ਸ਼ਾਂਤੀ ਪ੍ਰਦਾਨ ਕਰਦੀ ਹੈ। ਮਨੁੱਖ ਨੂੰ ਉਸ ਅਵਸਥਾ ਵਿਚ ਪਹੁੰਚਾ ਦਿੰਦੀ ਹੈ ਜਿਥੇ ਮਨੁੱਖ ਪਰਮਾਤਮਾ ਵਿਚ ਲੀਨ ਹੋ ਜਾਂਦਾ ਹੈ। ਉਸ ਨੂੰ ਸੁੰਦਰਤਾ ਕਿਹਾ ਜਾਂਦਾ ਹੈ। ਮੁੱਢਲੇ ਸਮੇਂ ਵਿਚ ਜਿਥੇ ਸੁੰਦਰਤਾ ਨੂੰ ਦੈਵੀ ਰੂਪ ਪ੍ਰਾਪਤ ਸੀ। ਬੌਧਿਕ ਨਾਲੋਂ ਨੈਤਿਕ ਪ੍ਰਭਾਵ ਜ਼ਿਆਦਾ ਸੀ। ਹੁਣ ਜਦੋਂ ਅਸੀਂ ਸੁੰਦਰਤਾ ਦੇ ਸ਼ਬਦ ਨੂੰ ਨਾਰੀ ਨਾਲ ਜੋੜ ਕੇ ਵੇਖਦੇ ਹਾਂ ਤਾਂ 'ਨਾਰੀ ਸੁੰਦਰਤਾ' ਇੱਕ ਮਿੱਥ ਦੇ ਰੂਪ ਵਿਚ ਉਭਰਦੀ ਹੈ ਇਸ ਲਈ ਨਾਰੀ ਸੁੰਦਰਤਾ ਦੇ ਅਰਥ ਹੋਰ ਵੀ ਗੁੰਝਲਦਾਰ ਅਤੇ ਜਟਿਲ ਹੋ ਜਾਂਦੇ ਹਨ। ਕਿਉਂਕਿ ਸਭਿਆਚਾਰਿਕ ਪ੍ਰਬੰਧ ਵਿਚ ਨਾਰੀ ਸੁੰਦਰਤਾ ਮਿੱਥ ਜਟਿਲ ਵਿਸ਼ਵਾਸ਼ਾ/ਕਰਮਕਾਡਾਂ ਨਾਲ ਜੁੜੀ ਹੁੰਦੀ ਹੈ। ਸਮਾਜਿਕ ਸਭਿਆਚਾਰਿਕ ਬਣਤਰ ਔਰਤ ਲਈ ਸੁੰਦਰਤਾ ਨੂੰ ਜ਼ਰੂਰੀ ਮਿੱਥ ਦਿੰਦੀ ਹੈ। ਸਭਿਆਚਾਰ ਵਿਚ ਔਰਤ ਨਿਯਮਾਂ ਦੀਆਂ ਖ਼ੁਰਦਰੀਆਂ ਰੱਸੀਆਂ ਵਿਚ ਜਕੜੀ ਹੋਈ ਹੈ। ਉਹ ਆਪਣੀ ਮਰਜ਼ੀ ਨਾਲ ਇੱਕ ਇੰਚ ਵੀ ਉੱਪਰ ਨਹੀਂ ਜਾ ਸਕਦੀ। ਇਹ ਸਦੀਆਂ ਪੁਰਾਣੀ ਸਨਾਤਨੀ ਨਜ਼ਰਾਂ ਹਨ ਜੋ ਔਰਤ ਦੀ ਨਜ਼ਰ ਨੂੰ ਹਮੇਸ਼ਾ ਤਾੜ ਕੇ ਰੱਖਦੀਆਂ ਹਨ। ਸਨਾਤਨੀ ਨਜ਼ਰਾਂ ਔਰਤ ਵਿਚ ਅਸਵੀਕਾਰ ਹੋਣ ਦਾ ਡਰ ਅਤੇ ਮੌਤ ਦੇ ਡਰ ਨੂੰ ਭਰ ਦਿੰਦੀਆਂ ਹਨ। ਭਾਰਤੀ/ਪੰਜਾਬੀ ਔਰਤ ਨੂੰ


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

ਸੁਰਖ਼ ਰੰਗਾਂ ਤੋਂ ਪੱਲਾ ਛਡਾਉਣ ਲਈ ਗ਼ੁਲਾਮ ਪਰੰਪਰਾ ਦਾ ਤਿਆਗ ਕਰਨਾ ਪਵੇਗਾ। ਪਰ ਜਿੱਥੇ ਔਰਤ ਗ਼ੁਲਾਮ ਪਰੰਪਰਾ ਨੂੰ ਤੋੜਦੀ ਹੈ ਉੱਥੇ ਨਾਲ-ਦੀ-ਨਾਲ ਉਸਨੂੰ ਭਰਮਾਉਂਣ ਲਈ ਨਵੇਂ ਹੱਥ ਕੰਡੇ ਤਿਆਰ ਕਰ ਲਏ ਜਾਂਦੇ ਹਨ। ਸਮਾਜ ਵਿਚ ਔਰਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਉਸ ਦਾ ਸਰੀਰ ਕਿਵੇਂ ਦਾ ਹੋਣਾ ਚਾਹੀਦਾ ਹੈ? ਸਰੀਰ ਦੇ ਅੰਗਾਂ ਦਾ ਆਕਾਰ ਜਿਵੇਂ ਉਸਦੇ ਵਾਲ, ਲੱਕ ਤੋਂ ਉਪਰਲਾ ਹਿੱਸਾ ਅਤੇ ਲੱਕ ਤੋਂ ਹੇਠਲਾ ਹਿੱਸਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ? ਸਮਾਜਿਕ ਦਾਇਰੇ ਵਿਚ ਉਸ ਨੂੰ ਵਿਵਹਾਰ ਕਿਸ ਤਰ੍ਹਾਂ ਦਾ ਕਰਨਾ ਚਾਹੀਦਾ ਹੈ? ਉਸਦਾ ਨਾਮ ਕਿਵੇਂ ਦਾ ਹੋਣਾ ਚਾਹੀਦਾ ਹੈ? ਵਿਆਹ ਲਈ ਔਰਤ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ? ਆਦਿ ਇਹ ਸਾਰੇ ਪੈਮਾਨੇ/ਆਦਰਸ਼ ਤੈਅ ਕੀਤੇ ਜਾਂਦੇ ਹਨ। ਮਰਦ ਪ੍ਰਧਾਨ ਸਮਾਜ ਵੱਲੋਂ ਇਹ ਸਾਰੇ ਪੈਮਾਨੇ/ਮਾਪ-ਦੰਡ ਤੈਅ ਕਰ ਕੇ ਲਾਗੂ ਵੀ ਕੀਤੇ ਜਾਂਦੇ ਹਨ। ਜਿਆਦਾਤਰ ਔਰਤਾਂ ਹੀ ਇਨ੍ਹਾਂ ਨੂੰ ਲਾਗੂ ਕਰਨ ਦਾ ਕੰਮ ਕਰਦੀਆਂ ਹਨ। ਆਦਿ ਸਮਾਜ ਵਿਚ ਮਾਨਵ ਜੰਗਲਾਂ ਵਿਚ ਰਹਿ ਕੇ ਗੁਜ਼ਾਰਾ ਕਰਦੇ ਸਨ। ਮਾਤਰੀ ਪ੍ਰਧਾਨ ਹੋਣ ਕਾਰਨ ਸਮਾਜ ਵਿਚ ਕਿਸੇ ਤਰ੍ਹਾਂ ਦਾ ਕੋਈ ਭੇਦ ਭਾਵ ਨਹੀਂ ਸੀ। ਖਾਧ ਖੁਰਾਕ ਇਕੱਠੀ ਕਰਨ ਲਈ ਸਾਰੇ ਇਕੱਠੇ ਹੀ ਸ਼ਿਕਾਰ ਤੇ ਜਾਂਦੇ ਸਨ ਅਤੇ ਵੰਡ ਕੇ ਖਾਂਦੇ ਸਨ। ਨਿੱਜੀ ਜਾਇਦਾਦ ਦੀ ਭਾਵਨਾ ਨੇ ਮਨੁੱਖ ਨੂੰ ਦੋ ਵਰਗਾਂ ਵਿਚ ਵੰਡ ਦਿੱਤਾ ਸੀ। ਔਰਤ ਅਤੇ ਮਰਦ। ਔਰਤ ਜੋ ਘਰ ਵਿਚ ਰਹਿ ਕੇ ਘਰ ਦੇ ਕੰਮ ਕਰਦੀ ਹੈ ਅਤੇ ਮਰਦ ਜੋ ਘਰ ਤੋਂ ਬਾਹਰ ਕੰਮ ਕਰਦਾ ਸੀ। ਮਰਦ ਵਿਚ ਵੱਧ ਤੋਂ ਵੱਧ ਜਾਇਦਾਦ ਇਕੱਠੀ ਕਰਨ ਦਾ ਲਾਲਚ ਪੈਦਾ ਹੋਣ ਨਾਲ ਔਰਤ ਲਈ ਇੱਕ ਦਾਇਰਾ ਨਿਸ਼ਚਿਤ ਕਰ ਦਿੱਤਾ ਗਿਆ ਕਿਉਂਕਿ ਇਕੱਠੀ ਕੀਤੀ ਜਾਇਦਾਦ ਨੂੰ ਆਪਣੇ ਹੀ ਵਾਰਸਾਂ ਵਿਚ ਸੁਰੱਖਿਅਤ ਕੀਤਾ ਗਿਆ। ਔਰਤ ਲਈ ਸ਼ੁੱਧਤਾ ਦੇ ਸੰਕਲਪ ਨੂੰ ਘੜ੍ਹਿਆ ਗਿਆ। ਔਰਤ ਦੇ ਕਾਮ ਸੰਬੰਧਾਂ ਤੇ ਪਾਬੰਦੀ ਲਗਾ ਦਿੱਤੀ ਗਈ। ਮਰਦ ਨੇ ਆਦਿ ਕਾਲ ਤੋਂ ਆਪਣੀ ਸਰੀਰਕ ਸ਼ਕਤੀ ਦੇ ਬਲ 'ਤੇ ਔਰਤ ਨੂੰ ਆਪਣੇ ਤੋਂ ਨੀਵਾ ਦਰਜ਼ਾ ਦਿੱਤਾ ਹੈ, ਉਸਦੀ ਬਰਾਬਰਤਾ ਦੇ ਅਧਿਕਾਰ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਸੀ। ਮਰਦ ਨੇ ਆਪਣੀ ਸਹੂਲਤ ਲਈ ਧਰਮ ਬਣਾਏ, ਕਾਨੂੰਨ ਬਣਾਏ ਅਤੇ ਮੁੱਲਾਂ ਨੂੰ ਸਿਰਜਿਆ। ਇਹ ਸਾਰੇ ਵਿਧਾਨ ਔਰਤ ਨੂੰ ਕਾਬੂ ਕਰਨ ਦੇ ਵਸੀਲੇ ਹੋ ਨਿਬੜੇ ਸਨ। ਲੰਮੇ ਇਤਿਹਾਸਕ ਦੌਰ 'ਚ ਗੁਜ਼ਰਦਿਆ ਇਹ ਸਾਰੇ ਕਾਨੂੰਨ ਸਮਾਜ, ਸਭਿਆਚਾਰ ਅਤੇ ਗਿਆਨ ਦੇ ਅਹਿਮ ਤੱਤ ਵਜੋਂ ਮਾਨਸਿਕਤਾ ਵਿਚ ਘੁਲ ਜਾਂਦੇ ਹਨ। ਜਿਸ ਕਾਰਨ ਔਰਤ ਹਮੇਸ਼ਾ ਲਈ ਦਬੀ ਮਹਿਸੂਸ ਕਰਦੀ ਹੈ ਅਤੇ ਆਪਣੀ ਕਿਸਮਤ ਦਾ ਚੱਕਰ ਸਮਝ ਕੇ ਨਰਕ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੁੰਦੀ ਹੈ। ਸੀਮੋਨ ਇਸ ਸਾਰੀ ਸਥਿਤੀ ਨੂੰ ਇਸ ਤਰ੍ਹਾਂ ਬਿਆਨ ਕਰਦੀ ਹੈ, "ਉਹਨਾਂ ਸਮਾਜਿਕ ਵਰਗਾਂ ਨੇ ਜਦੋਂ ਮਨੁੱਖ ਕੋਲ ਕਾਫ਼ੀ ਵਿਹਲਾ ਸਮਾਂ ਸੀ, ਔਰਤ ਦੇ ਰੂਪ ਬਾਰੇ ਚੰਗੀ ਅਤੇ ਬੁਰੀ ਧਾਰਨਾ ਬਣਾਈ। ਅਜਿਹੀ ਕਲਪਨਾ ਦੇ ਲਾਭ ਵੀ ਸਨ। ਲੋਕਾਂ ਦੀਆਂ ਕਲਪਨਾਵਾਂ ਉਹਨਾਂ ਦੀ ਰੁਚੀ ਪੇਸ਼ ਕਰਦੀਆਂ ਹਨ। ਮਨੁੱਖ ਦਾ ਜਿਹੋ ਜਿਹਾ ਰੂਪ ਨਿੱਜੀ ਹੋਂਦ ਅਤੇ ਸੰਸਾਰ ਪ੍ਰਤੀ ਰਿਹਾ, ਉਸੇ ਅਨੁਸਾਰ ਉਸ ਨੇ ਔਰਤ ਦੇ ਰੂਪ ਦੀ ਕਲਪਨਾ ਕੀਤੀ। ਮਰਦ ਪ੍ਰਧਾਨ ਸਮਾਜ ਨੇ ਆਪਣੇ ਕੰਮ ਨੂੰ ਤਰਕਸੰਗਤ ਸਿੱਧ ਕਰਨ ਲਈ ਹੀ ਅਨੁਭਵ ਖੇਤਰ ਦੇ ਬਾਹਰ ਦੀ ਸਰਵਉੱਚਤਾ ਦਾ ਸਮਰਥਨ ਕੀਤਾ ਹੈ। ਇਸ ਤਰ੍ਹਾਂ ਇਸ ਸਮਾਜ ਨੇ ਕਥਾਵਾਂ ਅਤੇ ਕਲਪਨਾਵਾਂ ਰਾਹੀਂ ਆਪਣੇ ਕਾਨੂੰਨਾਂ ਅਤੇ ਰੀਤੀ-ਰਿਵਾਜ਼ਾਂ ਨੂੰ ਬੜੇ ਹੀ ਸੁੰਦਰ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲੋਕਾਂ ਤੇ ਲਾਗੂ ਕੀਤਾ ਹੈ। ਇਸ ਤਰ੍ਹਾਂ ਇਕ ਕਲਪਨਾਤਮਕ ਕਥਾ ਦੇ ਰਾਹੀਂ ਇੱਕ ਵਰਗ ਦਾ ਹੁਕਮ ਸਿਧਾਂਤ ਦਾ ਰੂਪ ਲੈਂਦਾ ਹੈ ਜੋ ਹਰ ਇੱਕ ਲਈ ਮਾਨਕ ਬਣਦਾ ਹੈ। ਇਸ ਤਰ੍ਹਾਂ ਧਰਮ, ਪਰੰਪਰਾ, ਭਾਸ਼ਾ, ਕਹਾਣੀਆਂ, ਅਤੇ ਸਿਨੇਮਾਂ ਦੁਆਰਾ ਇਹ ਮਿੱਥਾਂ ਲੋਕਾਂ ਤੱਕ ਪਹੁੰਚਾ ਦਿੱਤੀਆਂ ਗਈਆਂ।'[10]

ਸਮਾਜ ਵਿਚ ਔਰਤ ਲਈ ਕੀ ਚੰਗਾ ਹੋਣਾ ਚਾਹੀਦਾ ਹੈ ਅਤੇ ਕੀ ਮਾੜਾ ਹੋਣਾ ਚਾਹੀਦਾ ਹੈ ਇਹ ਸਾਰਾ ਕੁਝ ਪਹਿਲਾ ਹੀ ਤੈਅ ਕਰ ਲਿਆ ਜਾਂਦਾ ਹੈ। ਇਹ ਸਾਰੀ ਪ੍ਰਕਿਰਿਆ ਲਈ ਖ਼ਾਸ ਵਿਚਾਰਧਾਰਕ ਮਾਹੌਲ ਸਿਰਜਿਆ ਜਾਂਦਾ ਹੈ। ਵਿਚਾਰਧਾਰਾ ਦੇ ਪ੍ਰਭਾਵ ਅਧੀਨ ਹੀ 'ਔਰਤ ਸੁੰਦਰਤਾ ਮਿੱਥ' ਦੀ ਨਿਰਮਾਣਕਾਰੀ ਕੀਤੀ ਜਾਂਦੀ ਹੈ। ਨਾਰੀ ਲਈ ਸੁੰਦਰ ਹੋਣਾ ਜ਼ਰੂਰੀ ਬਣਾ ਦਿੱਤਾ ਜਾਂਦਾ ਹੈ। ਸਮਾਜ ਵਿਚ ਸਾਰੀਆਂ ਔਰਤਾਂ ਦੇ ਸਰੀਰ, ਰੰਗ, ਕੱਦ-ਕਾਠ, ਸੁਭਾਅ ਆਦਿ ਇਕੋ ਜਿਹੇ ਨਹੀਂ ਹੁੰਦੇ। ਸਮਾਜ ਵਿਚ ਉਹ ਔਰਤਾਂ ਜੋ ਸਮਾਜ ਦੇ ਪੈਮਾਨਿਆਂ ਤੇ ਪੂਰੀਆਂ ਉਤਰਦੀਆਂ ਹਨ, ਉਹਨਾਂ ਨੂੰ ਵੀ ਮਰਦ ਪ੍ਰਧਾਨ ਸਮਾਜ ਵਿਚ ਦੂਜੈਲੀ ਸਥਿਤੀ ਦਾ ਸਾਮਹਣਾ ਕਰਨਾ ਪੈਦਾ ਹੈ। ਬਰਾਬਰਤਾ ਉਹਨਾਂ ਨੂੰ ਵੀ ਪ੍ਰਾਪਤ ਨਹੀਂ ਹੁੰਦੀ। ਮਰਦ ਪ੍ਰਧਾਨ ਸਮਾਜ ਨੇ ਔਰਤ ਨੂੰ ਹਮੇਸ਼ਾ ਦੂਜੈਲੇ ਸਥਾਨ 'ਤੇ ਰੱਖਿਆ ਹੈ। ਉਸ ਨੂੰ ਕਾਬੂ ਕਰਨ ਲਈ ਹਰ ਇੱਕ ਹੱਥਕੰਡੇ ਦੀ ਵਰਤੋਂ ਕੀਤੀ ਹੈ। ਸੁੰਦਰਤਾ ਦੀ ਮਿੱਥ ਵੀ ਔਰਤ ਨੂੰ ਦੂਜੈਲੇ ਸਥਾਨ 'ਤੇ ਰੱਖਣ ਲਈ ਘੜ੍ਹੀ ਗਈ ਹੈ। ਮਰਦ ਹਮੇਸ਼ਾ ਔਰਤ ਦਾ ਦੈਵੀ ਅਤੇ ਅਪਸਰਾ ਵਾਲੇ ਰੂਪ ਦੀ ਕਾਮਨਾ ਕਰਦਾ ਹੈ। ਦਿਨ ਵਿਚ ਔਰਤ ਇਕ ਦਾਸੀ ਵਾਂਗ ਉਸਦੇ ਪਰਿਵਾਰ ਨੂੰ ਸੰਭਾਲੇ ਅਤੇ ਰਾਤ ਨੂੰ ਇੱਕ ਅਪਸਰਾ ਵਾਂਗ ਵੀ ਦਿਖੇ ਤਾਂ ਜੋ ਉਹ ਔਰਤ ਦੇ ਸਰੀਰ ਨੂੰ ਮਾਣ ਕੇ ਉਸਨੂੰ ਸੰਪੂਰਨ ਦਾ ਦਰਜ਼ਾ ਮਿਲ ਜਾਵੇ। ਔਰਤ ਦੇ ਸਰੀਰ ਦੇ ਆਕਾਰ, ਰੰਗ, ਕੱਦ-ਕਾਠ ਅਤੇ ਨਾਮ ਨੂੰ ਲੈ ਕੇ ਵੱਖ ਵੱਖ ਵਿਦਿਵਾਨਾਂ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਔਰਤ ਲਈ ਸੁੰਦਰਤਾ ਸ਼ਾਸ਼ਤਰ ਵੀ ਸਿਰਜੇ ਗਏ ਹਨ। ਕਾਮ ਸੂਤਰ ਅਤੇ ਕੋਕ ਸ਼ਾਸ਼ਤਰ ਵਰਗੇ ਗ੍ਰੰਥ ਔਰਤ ਦੀ ਸਰੀਰਕ ਦਿੱਖ ਅਤੇ ਉਸਦੀਆਂ ਵਿਸੇਸ਼ਤਾਵਾਂ ਨੂੰ ਦਰਸਾਉਣ ਲਈ ਲਿਖੇ ਗਏ ਹਨ। ਜੋ ਸਮੇਂ-ਸਮੇਂ ਤੇ ਔਰਤ ਦੇ ਸਰੀਰ ਦੀ ਸੁੰਦਰਤਾ ਦੇ ਪੈਮਾਨਿਆ ਨੂੰ ਨਿਸਚਿਤ ਕਰਦੇ ਹਨ। ਕਾਮ ਸੂਤਰ ਦੇ ਕਰਤਾ ਅਚਾਰੀਆ ਵਾਤਸਆਇਨ ਸਨ। ਉਨ੍ਹਾਂ ਨੇ ਇਸਤਰੀ ਦੇ ਸਰੀਰਰ ਦੇ ਆਧਾਰ 'ਤੇ ਨਾਰੀ ਸੁੰਦਰਤਾ ਦਾ ਵਰਣਨ ਕੀਤਾ ਹੈ। ਉਸ ਨੇ ਨਾਰੀ ਦੇ ਤਿੰਨ ਭੇਦ ਦੱਸ ਕੇ ਨਾਰੀ ਦੇ ਸਰੀਰ ਦੇ ਹਰ ਅੰਗ ਦੀ ਸੁੰਦਰਤਾ ਨੂੰ ਬਿਆਨ ਕੀਤਾ ਹੈ। ਉਸ ਨੇ ਨਾਲ ਦੀ ਨਾਲ ਵਿਆਹ ਲਈ ਇਸਤਰੀ ਦੀ ਚੋਣ ਬਾਰੇ ਵੀ ਵਿਸਥਾਰ ਰੂਪ ਵਿਚ ਦੱਸਿਆ ਹੈ ਕਿ ਵਿਆਹ


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

ਲਈ ਕਿਹੜੀ ਚੋਣ ਕਰਨੀ ਚਾਹੀਦੀ ਹੈ ਅਤੇ ਉਸਦਾ ਨਾਮ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਰਾਣੀਆਂ ਅਤੇ ਵੇਸ਼ਵਾਵਾਂ ਦੇ ਕਰੱਤਵ ਆਦਿ ਬਾਰੇ ਜਾਣਕਾਰੀ ਦਿੱਤੀ ਹੈ। ਉਸ ਨੇ ਨਾਰੀ ਦੀ ਸੁੰਦਰਤਾ ਨੂੰ ਹੇਠ ਲਿਖੇ ਅਨੁਸਾਰ ਪੇਸ਼ ਕੀਤਾ ਹੈ- ਅੱਖਾਂ ਚੰਚਲ, ਕਿਨਾਰਿਆਂ ਤੇ ਲਾਲ ਡੋਰੇ ਖਿੜੇ ਹੋਏ ਕਮਲ ਵਰਗੇ ਚਿਹਰੇ ਵਾਲੀ, ਫੁੱਲਾਂ ਵਰਗੇ ਕੋਮਲ ਸਰੀਰ ਵਾਲੀ, ਗੋਲ................................, ਚੰਪਾ ਦੇ ਫੁੱਲ ਵਰਗੇ ਸਰੀਰ ਵਾਲੀ, ਤੋਤੇ ਦੇ ਚੁੰਜ ਵਰਗੀ ਨੱਕ, ਮੋਤੀਆਂ ਵਰਗੇ ਦੰਦਾਂ, ਹਿਰਨੀ ਵਰਗੀ ਚਾਲ ਕੋਇਲ ਵਰਗੀ ਆਵਾਜ, ਧਾਰਮਿਕ ਰੁਚੀਵਾਲੀ। ਇਹ ਸਫੇਦ ਕੱਪੜੇ ਪਸੰਦ ਕਰਦੀ ਹੈ ਅਤੇ ਥੋੜਾ ਭੋਜਨ ਕਰਦੀ ਹੈ।[11]

ਆਚਾਰੀਆ ਵਾਤਸਆਇਨ ਨੇ ਨਾਰੀ ਦੇ ਸਰੀਰ ਦੀ ਸੁੰਦਰਤਾ ਨੂੰ ਵਰਣਨ ਕਰਕੇ ਉਸ ਸਮੇਂ ਵਿਚ ਨਾਰੀ ਸੁੰਦਰਤਾ ਦੇ ਮਾਪਦੰਡਾਂ ਨੂੰ ਘੜ੍ਹਿਆਂ ਹੈ। ਪ੍ਰਾਚੀਨ ਸਮੇਂ ਵਿਚ ਔਰਤ ਨੂੰ ਕੁਝ ਹੱਦ ਤੱਕ ਆਜ਼ਾਦੀ ਪ੍ਰਾਪਤ ਸੀ ਪਰ ਸਮਾਜਿਕ ਵਿਵਹਾਰ ਵਿਚ ਉਸ ਲਈ ਅਨੇਕਾਂ ਪਾਬੰਦੀਆਂ ਵੀ ਸਨ। ਸੁੰਦਰਤਾ ਦੇ ਇਹ ਮਾਪਦੰਡ ਉਸਦੀ ਆਜ਼ਾਦੀ ਤੇ ਪਾਬੰਦੀ ਦਾ ਸਪੱਸ਼ਟ ਪ੍ਰਮਾਣ ਹਨ। ਨਾਰੀ ਸੁੰਦਰਤਾ ਨੂੰ ਬਿਆਨ ਕਰਨ ਵਾਲਾ ਅਗਲਾ ਗ੍ਰੰਥ 'ਕੋਕ ਸ਼ਾਸ਼ਤਰ' ਹੈ। ਇਸ ਨੂੰ ਪੰਡਿਤ ਕੋਕਾ ਨੇ ਲਿਖਿਆ ਹੈ, ਜੋ ਜੰਮੂ ਦੇ ਰਾਜੇ ਦਾ ਦਰਬਾਰੀ ਕਵੀ ਸੀ। ਇਸ ਗ੍ਰੰਥ ਦਾ ਸਮਾਂ 11ਵੀ ਜਾਂ 12ਵੀਂ ਸਦੀ ਦਾ ਮੰਨਿਆ ਜਾਂਦਾ ਹੈ। ਮਹਾਨ ਗ੍ਰੰਥ 'ਰਤੀ ਰਹਸਯ' ਦੇ ਲੇਖਕ ਕੋਕਾ ਨੇ ਔਰਤ ਦੇ ਲੱਛਣਾਂ ਦੇ ਆਧਾਰ ਤੇ ਉਸਨੂੰ ਮੁੱਖ ਚਾਰ ਮੁਖ ਸ਼੍ਰੇਣੀਆਂ ਵਿਚ ਵੰਡਿਆ ਹੈ। ਪੰਡਿਤ ਕੋਕਾ ਅਨੁਸਾਰ,

ਹੇ ਰਾਜਨ ਚਾਰ ਪਰਕਾਰ ਕੀਆ ਇਸਤ੍ਰੀਆ ਹੈ॥
ਅਬ ਤਿਨ ਕੇ ਨਾਮ ਸ੍ਰਵਨ ਕਰ॥
ਏਕ ਇਸਤ੍ਰੀ ਪਦਮਨੀ ਹੈ॥ ਅਰ ਦੂਸਰੀ ਚਿਤ੍ਰਨੀ॥ ਅ
ਰ ਤੀਸਰੀ ਸੰਖਨੀ ਹੋਤੀ ਹੈ॥
ਅਰ ਚੌਥੀ ਹਸਤਨੀ ਹੋਤੀ ਹੈ॥ ਹੇ ਰਾਜਨ ਇਹ ਤੇ ਇਨ ਕੇ ਨਾਮ ਹੈਨਿ॥
ਹੇ ਰਾਜਨ ਅਬ ਲਛਨ ਸ੍ਰਵਨ ਕਰਿ॥ [12]

ਰਿਸ਼ੀ ਰਤੀ ਰਹਸਯ ਨੇ ਔਰਤ ਦੀ ਸਰੀਰਕ ਦਿੱਖ ਦੀਆਂ ਵਿਸ਼ੇਸ਼ਤਾਵਾਂ ਦੇ ਅਧਾਰ ਤੇ ਵੰਡ ਕੀਤੀ ਹੈ। ਚਾਰ ਸ਼੍ਰੇਣੀਆਂ ਚ ਸਭ ਤੋਂ ਵਿਸ਼ੇਸ਼ ਦਰਜਾ ਪਦਮਨੀ ਨੂੰ ਪ੍ਰਾਪਤ ਹੈ। ਇਸ ਕਿਸਮ ਦੀ ਔਰਤ ਨੂੰ ਕਮਲ ਦੇ ਫੁੱਲ ਨਾਲ ਤੁਲਨਾਇਆ ਗਿਆ ਹੈ। ਇਸ ਲਈ ਇਸ ਨੂੰ ਕਮਲ ਦੀ ਔਰਤ ਕਿਹਾ ਗਿਆ ਹੈ। ਚਿਤਰੀਨੀ ਔਰਤ ਨੂੰ ਕਲਾ ਨਾਲ ਜੋੜਿਆ ਗਿਆ ਹੈ। ਉਹ ਹਾਰ ਸ਼ਿੰਗਾਰ ਅਤੇ ਜੁੱਤੀਆਂ ਨੂੰ ਪਸੰਦ ਕਰਦੀਆਂ ਹਨ। ਉਹ ਆਪਣੇ ਪਤੀ ਪ੍ਰਤੀ ਵਫ਼ਾਦਾਰ ਹੁੰਦੀਆਂ ਹਨ। ਉਨ੍ਹਾਂ ਦਾ ਸਿਰ ਗੋਲ ਹੁੰਦਾ ਹੈ ਅਤੇ ਆਵਾਜ਼ ਮੋਰਾਂ ਵਰਗੀ ਹੁੰਦੀ ਹੈ। ਸ਼ੰਖ਼ਨੀ ਔਰਤਾਂ ਵਿਲੱਖਣ ਸ਼ਖਸ਼ੀਅਤ ਕਾਰਨ ਕਿਸੇ ਵੀ ਆਦਮੀ ਨੂੰ ਆਸਾਨੀ ਨਾਲ ਭਰਮਾਉਂਦੀਆਂ ਹਨ। ਉਨ੍ਹਾਂ ਦੀ ਚਮੜੀ ਆਮ ਤੌਰ ਤੇ ਚਿੱਟੀ ਹੁੰਦੀ ਹੈ। ਹਸਤੀਨੀ ਔਰਤਾਂ ਦੇ ਸਰੀਰ ਦੀ ਬਣਤਰ ਗੋਲ ਹੁੰਦੀ ਹੈ। ਇਨ੍ਹਾਂ ਨੂੰ ਹਾਥੀ ਦੇ ਗੁਣਾਂ ਨਾਲ ਤੁਲਨਾਇਆ ਜਾਂਦਾ ਹੈ। ਇਹ ਔਰਤਾਂ ਖਾਣ ਦੀਆਂ ਸ਼ੌਕੀਨ ਹੁੰਦੀਆਂ ਹਨ ਅਤੇ ਇਨ੍ਹਾਂ ਦੀ ਚਾਲ ਹੌਲੀ ਹੁੰਦੀ ਹੈ। ਇਨ੍ਹਾਂ ਵਿਚੋਂ ਪਦਮਨੀ ਅਤੇ ਚਿਤਰੀਨੀ ਨੂੰ ਸਭ ਤੋਂ ਵੱਧ ਖ਼ੂਬਸੂਰਤ ਮੰਨਿਆ ਜਾਂਦਾ ਹੈ। ਪੰਡਿਤ ਕੋਕਾ ਅਨੁਸਾਰ,

ਅਰ ਗੋਰੀ ਹੋਤੀ ਹੈ॥ ਅਰ ਬਚਨ ਬਹੁਤ ਰਸੀਲੇ ਕਰਤੀ ਹੈ॥
ਅਰ ਕੱਪੜੇ ਜੋ ਪਜਹਰਤੀ ਹੈ॥
ਸੋ ਚਿਟੇ ਪ੍ਰੀਤ ਪਹਰਤੀ ਹੈ॥
ਪਦਮਨੀ ਕੈਸੀ ਹੋਤੀ ਹੈ ਬਹੁਤ ਸੁੰਦਰ ਹੋਤੀ ਹੈ॥ ਕੈਸੇ ਜੈਸੇ ਭਵਰੇ
ਜਾਤੇ ਹੈ ਪ੍ਰੀਤ ਕਰਕੇ ਫੂਲੋਂ ਪਰ॥....ਅਰ ਨੇਤ੍ਰ ਤਿਸ ਕੇ ਕਾਲ਼ੇ ਹੋਤੇ ਹੈ॥
ਸੁੰਦਰ ਮ੍ਰਿਗ ਜੈਸੇ॥
ਔਰ ਸ਼ੇਰ ਜੈਸੀ ਇਸ ਕੀ ਕਮਰ ਹੋਤੀ ਹੈ॥
ਅਰ ਨਾਸਕਾ ਤਿਲਾ ਕੇ ਫੂਲੋਂ ਜੈਸੀਆ ਹੋਤੀਆ ਹੈ॥
ਅਰ ਚਮਤਕਾਰ ਤਿਸ ਕਾ ਐਸਾ ਹੋਤਾ ਹੈ॥
ਜੈਸੇ ਬਿਜਲੀ ਕਾ ਚਮਤਕਾਰ ਹੈ॥ [13]

ਪੰਡਿਤ ਕੋਕਾ ਨੇ ਔਰਤਾਂ ਦੇ ਸਰੀਰ ਨੂੰ ਜਾਨਵਰਾਂ, ਪੰਛੀਆਂ ਨਾਲ ਤੁਲਨਾ ਕੇ ਪੇਸ਼ ਕੀਤਾ ਹੈ। ਔਰਤਾਂ ਦਾ ਇਹ ਬਿੰਬ ਉਸ ਸਮੇਂ ਦਾ ਸਭ ਤੋਂ ਵੱਧ ਖ਼ੂਬਸੂਰਤ ਮੰਨਿਆ ਜਾਂਦਾ ਸੀ। ਕਸ਼ਮੀਰ ਦੀਆਂ ਵਾਦੀਆਂ ਵਿਚ ਰਹਿਣ ਵਾਲੇ ਇਸ ਰਿਸ਼ੀ ਨੇ ਔਰਤ ਦੀ ਸੁੰਦਰਤਾ ਨੂੰ ਪੇਸ਼ ਹੀ ਨਹੀਂ ਕੀਤਾ ਸਗੋਂ ਸਮਾਜਿਕ ਸਭਿਆਚਾਰਕ ਬਣਤਰ ਵਿਚ ਔਰਤ ਦੀ ਸੁੰਦਰਤਾ ਦੇ ਆਦਰਸ਼ਾਂ ਨੂੰ ਸਿਰਜਿਆ ਹੈ, ਇਨ੍ਹਾਂ ਆਦਰਸ਼ਾਂ ਦੇ ਆਧਾਰ 'ਤੇ ਹੀ ਸਧਾਰਨ ਔਰਤ ਸੁੰਦਰ ਹੋਣ ਦੀ ਕੋਸ਼ਿਸ਼ ਕਰਦੀ ਹੈ। ਜਿਸ ਨਾਲ ਔਰਤ ਦਾ ਸਮਾਂ ਅਤੇ ਉਸਦੀ ਸਿਰਜਾਣਮਕ ਊਰਜਾ ਨਸ਼ਟ ਹੋ ਜਾਂਦੀ ਹੈ। ਭਾਵੇਂ ਕਿ ਅਸੀਂ ਇਹ ਸਪੱਸ਼ਟ ਕਰ ਲਿਆ ਹੈ ਕਿ ਹਰ ਇਨਸਾਨ ਦੂਸਰੇ ਤੋਂ ਵੱਖਰਾ ਹੈ। ਉਸਦਾ ਕੱਦ-ਕਾਠ, ਰੰਗ, ਆਕਾਰ, ਬੋਲੀ ਆਦਿ ਵੱਖਰਾ ਹੈ। ਹਰ ਔਰਤ ਦਾ ਆਪਣਾ ਵਰਗ, ਜਾਤ, ਆਰਥਿਕਤਾ, ਉਮਰ, ਕਾਮੁਕਤਾ ਆਦਿ ਹੈ ਜੋ ਉਸ ਨੂੰ ਆਪਣੇ ਸਮੂਹ ਵਿਚ ਦੂਸਰੀ ਔਰਤ ਤੋਂ ਵੱਖਰਾ ਕਰਦੀਆਂ ਹਨ। ਪਿਤਰੀਸੱਤਾ ਨੇ ਸਮਾਨ-ਲਿੰਗ ਭਿੰਨਤਾ ਨੂੰ ਅੱਖੀਓ ਓਹਲੇ ਕਰ ਦਿੱਤਾ ਹੈ ਅਤੇ ਔਰਤ ਸੁੰਦਰਤਾ ਦਾ ਇੱਕ ਢਾਂਚਾ ਤਿਆਰ ਕੀਤਾ ਹੈ ਜਿਸ ਵਿਚ ਸਾਰੀਆਂ ਔਰਤਾਂ ਨੂੰ ਫ਼ਿਟ ਹੋਣ ਦੇ ਹੁਕਮ ਜਾਰੀ ਕੀਤੇ ਗਏ ਹਨ। ਵੀਕੀਪੀਡੀਆ ਅਨੁਸਾਰ

Feminine beauty ideals are mainly rooted in heteronomative belisfs, but they heavily influence women of all sexual orientations. The feminine beauty ideal Traits include but are not limited to female body shape, facial feature, skin tones,Height, clothing style and body weight. In order to emulate said desirable traits, Women have chosen to undergo facial and body-altering practices which range in Severity. Some of these practices include plastic surgery, skin bleaching, foot binding, Neck rings, hair removal, makeup, teeth lacquering, tanning, etc.[14]


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

## ਨਿਸਕਰਸ਼

ਸੁੰਦਰਤਾ ਸਥਿਰ ਸੰਕਲਪ ਨਹੀ ਹੈ। ਸੁੰਦਰਤਾ ਅਜਿਹਾ ਸੰਕਲਪ ਹੈ ਜੋ ਹਮੇਸ਼ਾ ਵੱਖ-ਵੱਖ ਰੂਪਾਂ ਵਿਚ ਬਦਲਦਾ ਰਹਿੰਦਾ ਹੈ। ਵੱਖ-ਵੱਖ ਸੱਭਿਆਚਾਰਾਂ ਵਿਚ ਨਾ ਸਿਰਫ਼ ਸੁੰਦਰਤਾ ਦੇ ਪੈਮਾਨੇ ਵੱਖਰੇ ਹੁੰਦੇ ਹਨ ਸਗੋਂ ਹਰ ਵਿਅਕਤੀ ਵੀ ਦੂਸਰੇ ਵਿਅਕਤੀ ਤੋਂ ਵੱਖਰਾ ਹੁੰਦਾ ਹੈ। ਸੁੰਦਰਤਾ ਅਸਲ ਵਿਚ ਦੇਖਣ ਵਾਲੇ ਦੀ ਅੱਖ ਵਿਚ ਹੁੰਦੀ ਹੈ। ਸੱਚੀ ਸੁੰਦਰਤਾ ਵਿਅਕਤੀ ਦੇ ਅੰਦਰ ਹੁੰਦੀ ਹੈ। ਸੁੰਦਰਤਾ ਸਭਿਆਚਾਰਾਂ ਦੇ ਸੁਹਜ ਵਿਚ ਹੁੰਦੀ ਹੈ, ਜੋ ਬਾਹਰੀ ਅਤੇ ਆਤਮਕ ਹੁੰਦੀ ਹੈ। ਆਤਮਕ ਸੁੰਦਰਤਾ ਨੂੰ ਤਰਜ਼ੀਹ ਦਿੱਤੀ ਜਾਂਦੀ ਹੈ। ਕੁਦਰਤ ਹਰ ਜੀਵ ਨੂੰ ਵੱਖਰੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਨਾਲ ਪਾਲਦੀ ਹੈ ਅਤੇ ਕੁਝ ਮਾਪਦੰਡ ਨਿਰਧਾਰਿਤ ਕਰ ਕੇ ਉਸਨੂੰ ਬਾਕੀ ਜੀਵਾਂ ਨਾਲੋਂ ਵੱਖਰਾ ਕਰਦੀ ਹੈ। ਪਰ ਸਭਿਆਚਾਰਕ ਬਣਤਰ ਵਿਚ ਸੁੰਦਰਤਾ ਦੀ ਨੈਤਿਕਤਾ ਨੂੰ ਨਿਰਧਾਰਤ ਕੀਤਾ ਜਾਂਦਾ ਹੈ। ਪਲ-ਪਲ ਬਦਲਦੇ ਸੰਸਾਰ ਵਿਚ ਲੋਕ ਆਪਣੀ ਜੀਵਨ ਸ਼ੈਲੀ ਨੂੰ ਬਦਲਣ ਲਈ ਮਜ਼ਬੂਰ ਕੀਤੇ ਜਾਂਦੇ ਹਨ। ਉਹ ਆਪਣੇ ਨਜ਼ਰੀਏ ਨਾਲੋਂ ਸਮਾਜ ਦੇ ਦਿੱਤੇ ਨਜ਼ਰੀਏ ਨੂੰ ਜਿਆਦਾ ਮਹੱਤਵਪੂਰਨ ਮੰਨਦੇ ਹਨ। ਸੁੰਦਰਤਾ ਦੇ ਪੈਮਾਨੇ ਸਮਾਜਿਕ ਬਣਤਰ ਵਿਚ ਫ਼ਿੱਟ ਹੋਣ ਲਈ ਸੁੰਦਰ ਅਤੇ ਸੁੰਦਰ ਮੰਨੇ ਜਾਂਦੇ ਔਰਤਾਂ ਅਤੇ ਮਰਦਾਂ ਉੱਤੇ ਲਾਗੂ ਹੋਣ ਵਾਲੇ ਮੁੱਲਾਂ ਦਾ ਸਮੂਹ ਹੈ। ਇਹ ਪੈਮਾਨਾ ਸਰੀਰ ਦਾ ਰੰਗ, ਕੱਦ-ਕਾਠ, ਚਮੜੀ, ਵਾਲਾਂ, ਅਤੇ ਸਰੀਰ ਦੇ ਹਰ ਹਿੱਸੇ ਨਾਲ ਸੰਬੰਧਿਤ ਹੁੰਦਾ ਹੈ। 21ਵੀਂ ਸਦੀ ਦੇ ਤੀਜੇ ਦਹਾਕੇ ਵਿਚ ਮੰਡੀ ਪ੍ਰਵਚਨ ਸੁੰਦਰਤਾ ਦੇ ਮਾਪਦੰਡ ਨੂੰ ਬੁਰੀ ਤਰ੍ਹਾਂ ਲਾਗੂ ਕਰ ਰਿਹਾ ਹੈ। ਤਸਲੀਮਾ ਨਸਰੀਨ ਸੁੰਦਰਤਾ ਦੇ ਆਦਰਸ਼ ਦੀ ਆਲੋਚਨਾ ਕਰਦੀ ਹੋਈ ਕਹਿੰਦੀ ਹੈ ਕਿ ਸੁੰਦਰੀ ਇੱਕ ਵਿਸ਼ੇਸ਼ਣ ਹੈ ਜੋ ਔਰਤ ਨੂੰ ਮਰਦ ਅਤੇ ਔਰਤ ਵੱਲੋਂ ਦਿੱਤਾ ਜਾਂਦਾ ਹੈ। ਉਨ੍ਹਾਂ ਅਨੁਸਾਰ, ਸੁੰਦਰੀ! ਇਸ ਵਿਸ਼ੇਸ਼ਣ/ਧਾਰਣਾ ਨੂੰ ਮਰਦ ਤੰਤਰੀ ਪੁਰਸ਼ ਅਤੇ ਔਰਤ ਦੋਵਾਂ ਨੇ ਮਿਲ ਕੇ ਤਿਆਰ ਕੀਤਾ ਹੈ। ਦੋਵੇਂ ਤੈਅ ਕਰਦੇ ਹਨ ਕਿ ਔਰਤ ਦਾ ਸਰੀਰ ਕਿਸ ਤਰ੍ਹਾਂ ਖ਼ੂਬਸੂਰਤ ਦਿਸੇ। ਇਹਦੇ ਲਈ ਪ੍ਰਚਾਰ ਦੇ ਸਾਧਨ ਹਨ। ਵਿਕਾਊ ਚੀਜ਼ਾਂ ਦਾ ਕਾਰੋਬਾਰ ਇਹਦੇ ਰਾਹੀਂ ਚਲਦਾ ਹੈ। ਟ੍ਰੈਡਮਿਲ, ਐਕਸਰਸਾਈਜ਼, ਬਾਈਕ, ਲਾਈਪੋਸਕਸ਼ਨ, ਪਲਾਸਟਿਕ ਸਰਜ਼ਰੀ, ਸਿਲੀਕਾਨ ਬ੍ਰੇਸਟ। ਇਨ੍ਹਾਂ ਵੱਲ ਔਰਤਾਂ ਦੀ ਭੀੜ ਲੱਗ ਜਾਂਦੀ ਹੈ।[15]

ਉਪਰੋਕਤ ਆਧਾਰ ਤੇ ਅਸੀਂ ਕਹਿ ਸਕਦੇ ਹਾਂ ਕਿ ਨਾਰੀ ਸੁੰਦਰਤਾ ਦਾ ਆਧਾਰ ਉਸਦਾ ਸਰੀਰ ਹੈ। ਉਸਦੇ ਸਰੀਰ ਦੀ ਲੰਬਾਈ, ਉਸੇ ਚਿਹਰੇ ਦਾ ਆਕਾਰ, ਉਸਦੇ ਬੁੱਲ੍ਹਾਂ ਦਾ ਆਕਾਰ, ਉਸਦੇ ਦੰਦ, ਨੱਕ, ਹੱਥ, ਪੈਰ, ਬਾਹਾਂ, ਲੱਤਾਂ ਅਤੇ ਇਥੋਂ ਤੱਕ ਕੇ ਉਸਦੀ ਯੋਨੀ ਦਾ ਆਕਾਰ ਵੀ ਨਿਸਚਿਤ ਕੀਤਾ ਗਿਆ ਹੈ। ਪ੍ਰਾਚੀਨ ਸਮੇਂ ਤੋਂ ਔਰਤ ਨੂੰ ਘੜ੍ਹਨ ਦੀ ਰਣਨੀਤੀ ਚੱਲਦੀ ਆ ਰਹੀ ਹੈ ਅਤੇ ਸਮਕਾਲੀਨ ਸਮੇਂ ਵਿਚ ਇਹ ਆਪਣੇ ਬਹੁਤ ਹੀ ਭਿਆਨਕ ਰੂਪ ਵਿਚ ਪ੍ਰਚੱਲਿਤ ਹੈ। ਸੁੰਦਰਤਾ ਦੇ ਇਹ ਮਾਪਦੰਡ ਔਰਤ ਦੀ ਸਿਰਜਾਣਮਕ ਊਰਜਾ ਨੂੰ ਨਾਸ਼ ਕਰਦੇ ਹਨ। ਉਸ ਵਿਚ ਭਰਮ ਪੈਦਾ ਕਰਦੇ ਹਨ ਉਹ ਅਜਿਹੀ ਹੋਣੀ ਚਾਹੀਦੀ ਹੈ। ਅਤੇ ਔਰਤ ਆਪਣੀ ਸਿਰਜਾਣਮਕ ਊਰਜਾ ਨੂੰ ਨਕਾਰ ਕੇ ਤੈਅ ਕੀਤੇ ਮਾਪਦੰਡ ਨੂੰ ਹਾਸਲ ਕਰਨ ਦੀ ਕੋਸ਼ਿਸ਼ ਵਿਚ ਲੱਗੀ ਰਹਿੰਦੀ ਹੈ। ਜਿਸ ਵਿਚ ਉਸਦੀ ਜ਼ਿੰਦਗੀ ਦੇ ਅਮੁਲ ਸਮਾਂ ਗੁਆਚ ਜਾਂਦਾ ਹੈ।

## ਸੰਦਰਭ ਸੂਚੀ


1. ਗੋਪੀਚੰਦ ਨਾਰੰਗ. *ਸਰੰਚਨਾਵਾਦ ਉੱਤਰ ਸਰੰਚਨਾਵਾਦ ਅਤੇ ਪੂਰਵੀ ਨਾਵਿ ਸ਼ਾਸ਼ਤਰ.* ਅਨੁਵਾਦ: ਜਗਬੀਰ ਸਿੰਘ. ਨਵੀਂ ਦਿੱਲੀ: ਸਾਹਿਤ ਅਕਾਦਮੀ; 2002. ਪੰਨਾ 30.
2. ਤਸਕੀਨ. *ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ.* ਲੁਧਿਆਣਾ: ਚੇਤਨਾ ਪ੍ਰਕਾਸ਼ਨ; 2007. ਪੰਨਾ 163.
3. ਤਸਕੀਨ. *ਸੱਤਾ ਦਾ ਪ੍ਰਵਚਨ ਅਤੇ ਪੰਜਾਬੀ ਕਵਿਤਾ.* ਲੁਧਿਆਣਾ: ਚੇਤਨਾ ਪ੍ਰਕਾਸ਼ਨ; 2007. ਪੰਨਾ 165.
4. ਮਨਮੋਹਨ ਸਿੰਘ. *ਅਲਥਿਊਸਰ.* ਦਿੱਲੀ: ਪੰਜਾਬੀ ਅਕਾਦਮੀ; ਪੰਨਾ 47.
5. ਅਮਰਵੰਤ ਸਿੰਘ, ਸੰਕਲਨ ਕਰਤਾ. *ਅਰਬੀ-ਫ਼ਾਰਸੀ ਵਿੱਚੋਂ ਉਤਪੰਨ ਪੰਜਾਬੀ ਸ਼ਬਦਾਵਲੀ (ਸਰੋਤ ਤੇ ਵਿਆਖਿਆ ਸਹਿਤ).* ਪਟਿਆਲਾ: ਪੰਜਾਬੀ ਯੂਨੀਵਰਸਿਟੀ; 2003. ਪੰਨਾ 41.
6. ਜੀ. ਵੀ. ਪਲੈਖ਼ਾਨੋਵ. *ਚਿੱਠੀਆਂ ਬਿਨ ਸਿਨਾਵਿਓ.* ਅਨੁਵਾਦ: ਹਰਿਭਜਨ ਸਿੰਘ. ਨਵੀਂ ਦਿੱਲੀ: ਨਵਯੁਗ ਪਬਲਿਸ਼ਰਜ਼; 2005. ਪੰਨਾ 26.
7. ਜੀ. ਵੀ. ਪਲੈਖ਼ਾਨੋਵ. *ਚਿੱਠੀਆਂ ਬਿਨ ਸਿਨਾਵਿਓ.* ਅਨੁਵਾਦ: ਹਰਿਭਜਨ ਸਿੰਘ. ਨਵੀਂ ਦਿੱਲੀ: ਨਵਯੁਗ ਪਬਲਿਸ਼ਰਜ਼; 2005. ਪੰਨਾ 27.
8. ਪਲੈਟੋ. *ਰਿਪਬਲਿਕ.* ਅਨੁਵਾਦ: ਗੁਰਚਰਨ ਸਿੰਘ ਅਰਸ਼ੀ. ਅਰਸ਼ੀ ਪਬਲਿਸ਼ਰਜ਼; 1988. ਪੰਨਾ 147.
9. ਇੰਦਰਮੋਹਨ ਸਿੰਘ, ਸੰਪਾਦਕ. *ਪੰਜਾਬੀ ਸੰਸਕ੍ਰਿਤ ਕੋਸ਼.* ਪਟਿਆਲਾ: ਪੰਜਾਬੀ ਯੂਨੀਵਰਸਿਟੀ; 2015. ਪੰਨਾ 725.
10. ਸੀਮੋਨ ਦ ਬੋਅਵਾਰ. *ਦ ਸੈਕੰਡ ਸੈਕਸ.* ਅਨੁਵਾਦ: ਜਸਵੀਰ ਕੌਰ. ਬਰਨਾਲਾ: ਤਰਕਭਾਰਤੀ ਪ੍ਰਕਾਸ਼ਨ; 2014. ਪੰਨਾ 162.
11. ਪੰਡਿਤ ਕੋਕਾ. *ਕੋਕ ਸ਼ਾਸ਼ਤਰ.* ਸੰਪਾਦਕ: ਗੁਰਬੀਰ ਸਿੰਘ ਅਲਗੋਂ. ਚੇਤਨਾ ਪ੍ਰਕਾਸ਼ਨ. ਪੰਨਾ 26.
12. ਪੰਡਿਤ ਕੋਕਾ. *ਕੋਕ ਸ਼ਾਸ਼ਤਰ.* ਸੰਪਾਦਕ: ਗੁਰਬੀਰ ਸਿੰਘ ਅਲਗੋਂ. ਚੇਤਨਾ ਪ੍ਰਕਾਸ਼ਨ. ਪੰਨਾ 27.



© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/

13. Wikipedia contributors. *Feminine beauty ideal*. Wikipedia;. Available from: https://en.wikipedia.org/wiki/Feminine_beauty_ideal
14. *ਫ਼ਿਲਹਾਲ*. ਅੰਕ 40. ਪੰਨਾ 35.

**Creative Commons License**

This article is an open-access article distributed under the terms and conditions of the Creative Commons Attribution–Non-commercial–No Derivatives 4.0 International (CC BY-NC-ND 4.0) License. This license permits users to copy and redistribute the material in any medium or format for non-commercial purposes only, provided that appropriate credit is given to the original author(s) and the source. No modifications, adaptations, or derivative works are permitted.

**About the Author**



**ਡਾ. ਹਰਵਿੰਦਰ ਕੌਰ** ਪੰਜਾਬੀ ਸਾਹਿਤ ਦੀ ਅਧਿਆਪਕਾ ਅਤੇ ਖੋਜਕਾਰ ਹਨ। ਉਹ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਦੇ ਪੰਜਾਬੀ ਵਿਭਾਗ ਵਿੱਚ ਸਹਾਇਕ ਪ੍ਰੋਫ਼ੈਸਰ ਵਜੋਂ ਸੇਵਾ ਨਿਭਾ ਰਹੇ ਹਨ। ਉਨ੍ਹਾਂ ਦੀਆਂ ਖੋਜ ਰੁਚੀਆਂ ਪੰਜਾਬੀ ਭਾਸ਼ਾ, ਸਾਹਿਤ, ਆਲੋਚਨਾ ਅਤੇ ਸੱਭਿਆਚਾਰਕ ਅਧਿਐਨ ਨਾਲ ਸੰਬੰਧਿਤ ਹਨ। ਉਹ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਅਤੇ ਖੋਜ ਪ੍ਰਕਾਸ਼ਨਾਂ ਵਿੱਚ ਸਰਗਰਮ ਭਾਗੀਦਾਰ ਹਨ।


© 2026 ਡਾ. ਹਰਵਿੰਦਰ ਕੌਰ. This is an open-access article distributed under the terms of the Creative Commons Attribution 4.0 International License (CC BY NC ND).https://creativecommons.org/licenses/by/4.0/